ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 10 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੨੮ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਭਾਰਤ ਅਤੇ ਪਾਕਿਸਤਾਨ ਤਣਾਅ ਵਿਚਾਲੇ ਜਗਜੀਤ ਸਿੰਘ ਡੱਲੇਵਾਲ ਵੱਲੋਂ ਕਿਸਾਨ ਅੰਦੋਲਨ 15 ਦਿਨ ਰੋਕਣ ਦਾ ਐਲਾਨ

**ਨਵੀਂ ਦਿੱਲੀ, 9 ਮਈ (ਆਵਾਜ਼ਿ ਕੌਮ ਬਿਊਰੋ)-** ਪਾਕਿਸਤਾਨ ਅਤੇ ਭਾਰਤ ਵਿਚਾਲੇ ਚੱਲ ਰਹੇ ਤਣਾਅ ਵਿਚਕਾਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ 15 ਦਿਨਾਂ ਤੱਕ ਕਿਸਾਨ ਅੰਦੋਲਨ ਨੂੰ ਰੋਕਣ ਦਾ ਫੈਸਲਾ ਲਿਆ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਡੱਲੇਵਾਲ ਨੇ ਕਿਹਾ ਕਿ ਭਾਵੇਂ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਨਾਲ ਮਤਭੇਦ ਰਹਿੰਦਾ ਸੀ, ਪਰ ਦੇਸ਼ ਦੇ ਹਿੱਤ ਲਈ ਕਿਸਾਨ ਵੀ ਸਰਕਾਰ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਜੰਗ ਮੰਦਭਾਗੀ ਹੈ ਅਤੇ ਇਸ ਨਾਲ ਆਮ ਨਾਗਰਿਕਾਂ ਨੂੰ ਨੁਕਸਾਨ ਹੁੰਦਾ ਹੈ ਪਰ ਅਜਿਹੇ ਔਖੇ ਹਾਲਾਤਾਂ ਵਿੱਚ ਉਹ ਆਪਣੇ ਅੰਦੋਲਨ ਨਾਲ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦੀ ਮੁਸੀਬਤ ਵਿੱਚ ਨਹੀਂ ਪਾਉਣਾ ਚਾਹੁੰਦੇ, ਇਸ ਲਈ ਕਿਸਾਨ ਸੰਗਠਨਾਂ ਨੇ ਅਗਲੇ 15 ਦਿਨਾਂ ਲਈ ਆਪਣਾ ਸੰਘਰਸ਼ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ। ਅਗਲੇ 15 ਦਿਨਾਂ ਤੱਕ ਅੰਦੋਲਨ ਨਾਲ ਸਬੰਧਤ ਕੋਈ ਵੀ ਗਤੀਵਿਧੀ ਨਹੀਂ ਕਰਨਗੇ ਇਸ ਫੈਸਲੇ ਸੰਬੰਧੀ, ਉਨ੍ਹਾਂ ਨੇ ਸੰਗਠਨ ਦੇ ਪਿੰਡ ਪੱਧਰ ਦੇ ਵਰਕਰਾਂ ਅਤੇ ਰਾਜ ਪੱਧਰੀ ਅਧਿਕਾਰੀਆਂ ਨੂੰ ਸੂਚਿਤ ਕੀਤਾ ਹੈ ਕਿ ਉਹ ਅਗਲੇ 15 ਦਿਨਾਂ ਤੱਕ ਅੰਦੋਲਨ ਨਾਲ ਸਬੰਧਤ ਕੋਈ ਵੀ ਗਤੀਵਿਧੀ ਨਹੀਂ ਕਰਨਗੇ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਦੇ ਹਿੱਤ ਵਿੱਚ ਆਪਣਾ ਅੰਦੋਲਨ ਮੁਲਤਵੀ ਕਰ ਦਿੱਤਾ ਹੈ।

## ਭਾਰਤ ਸਰਕਾਰ ਦਾ ਵੱਡਾ ਐਕਸ਼ਨ, ਫੌਜ ਨੂੰ ਟੈਰੀਟੋਰੀਅਲ ਆਰਮੀ ਬੁਲਾਉਣ ਦੇ ਅਧਿਕਾਰ

# ਰਾਜਾਂ ਨੂੰ ਐਮਰਜੈਂਸੀ ਸ਼ਕਤੀਆਂ ਵਰਤਣ ਦੇ ਆਦੇਸ਼

**ਨਵੀਂ ਦਿੱਲੀ, 9 ਮਈ (ਆਵਾਜ਼ਿ ਕੌਮ ਬਿਊਰੋ)-** ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਦੀ ਸਥਿਤੀ ਬਣ ਗਈ ਹੈ। ਪਾਕਿਸਤਾਨ ਦੇ ਤੇਜ਼ ਹਮਲਿਆਂ ਮਗਰੋਂ ਭਾਰਤ ਵੱਡੀ ਪਲਾਨਿੰਗ ਕਰ ਰਿਹਾ ਹੈ। ਇਸ ਤਣਾਅ ਦੇ ਵਿਚਕਾਰ ਭਾਰਤ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਫੌਜ ਮੁਖੀ ਚਾਹੁਣ ਤਾਂ ਉਹ ਟੈਰੀਟੋਰੀਅਲ ਆਰਮੀ ਦੇ ਅਧਿਕਾਰੀਆਂ ਤੇ ਜਵਾਨਾਂ ਨੂੰ ਬੁਲਾ ਸਕਦੇ ਹਨ। ਟੈਰੀਟੋਰੀਅਲ ਆਰਮੀ ਇੱਕ ਅਰਧ ਸੈਨਿਕ ਬਲ ਹੈ, ਜੋ ਲੋੜ ਪੈਣ 'ਤੇ ਫੌਜ ਦੀ ਸਹਾਇਤਾ ਕਰਦਾ ਹੈ। ਦੂਜੇ ਪਾਸੇ, ਗ੍ਰਹਿ ਮੰਤਰਾਲੇ ਨੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ



ਕਰਨ ਦੇ ਆਦੇਸ਼ ਦਿੱਤੇ ਹਨ। ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਤੇ ਪ੍ਰਸ਼ਾਸਕਾਂ ਨੂੰ ਸੁਰੱਖਿਆ ਉਪਾਵਾਂ ਬਾਰੇ ਨਿਰਦੇਸ਼ ਦਿੱਤੇ ਹਨ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਸਿਵਲ ਡਿਫੈਂਸ ਨਿਯਮਾਂ ਦੇ ਤਹਿਤ ਕੀਤੀ ਜਾ ਸਕਦੀ ਹੈ। ਦੱਸ ਦਈਏ ਕਿ ਅੱਜ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ, ਏਅਰ ਚੀਫ ਮਾਰਸ਼ਲ ਏਪੀ ਸਿੰਘ ਤੇ ਸੀਡੀਐਸ ਅਨਿਲ ਚੌਹਾਨ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਦਿੱਤੀ। ਗ੍ਰਹਿ ਮੰਤਰੀ ਨੇ ਬੀਐਸਐਫ ਤੇ ਸੀਆਈਐਸਐਫ ਅਧਿਕਾਰੀਆਂ ਨਾਲ ਵੀ ਮੀਟਿੰਗ ਕੀਤੀ। ਉਨ੍ਹਾਂ ਨੇ ਭਾਰਤ-ਪਾਕਿਸਤਾਨ ਸਰਹੱਦ ਤੇ ਹਵਾਈ ਅੱਡਿਆਂ ਦੀ ਸੁਰੱਖਿਆ ਬਾਰੇ ਪੁੱਛਗਿੱਛ ਕੀਤੀ। ਖੇਤੀਬਾੜੀ ਮੰਤਰਾਲੇ ਤੇ ਸਿਹਤ ਮੰਤਰਾਲੇ ਨੇ ਵੀ ਤਿਆਰੀਆਂ ਸਬੰਧੀ ਇੱਕ ਮੀਟਿੰਗ ਕੀਤੀ। ਇਸ ਦੇ ਨਾਲ ਹੀ ਰੱਖਿਆ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਫੌਜ ਮੁਖੀ ਨੂੰ ਟੈਰੀਟੋਰੀਅਲ ਆਰਮੀ (ਟੀਏ) ਦੇ ਸੈਨਿਕਾਂ ਤੇ ਅਧਿਕਾਰੀਆਂ ਨੂੰ ਟੈਰੀਟੋਰੀਅਲ ਆਰਮੀ ਰੂਲਜ਼, 1948 ਦੇ ਨਿਯਮਾਂ ਅਨੁਸਾਰ ਬੁਲਾਉਣ ਦਾ ਅਧਿਕਾਰ ਦਿੱਤਾ ਹੈ। ਟੀਏ ਇੱਕ ਅਰਧ ਸੈਨਿਕ ਬਲ ਹੈ ਜੋ ਨਾਗਰਿਕਾਂ ਨੂੰ ਫੌਜ ਵਿੱਚ ਸੇਵਾ ਕਰਨ ਦਾ ਮੌਕਾ ਦਿੰਦਾ ਹੈ। ਉਹ ਆਪਣੀ ਨੌਕਰੀ ਜਾਂ ਪੇਸ਼ੇ ਨੂੰ ਵੀ ਜਾਰੀ ਰੱਖ ਸਕਦੇ ਹਨ। ਇਸ ਦਾ ਉਦੇਸ਼ ਲੋੜ ਪੈਣ 'ਤੇ ਫੌਜ ਦੀ ਸਹਾਇਤਾ ਕਰਨਾ, ਅੰਦਰੂਨੀ ਸੁਰੱਖਿਆ, ਕੁਦਰਤੀ ਆਫ਼ਤਾਂ ਜਾਂ ਹੋਰ ਐਮਰਜੈਂਸੀ ਵਿੱਚ ਸੇਵਾ ਪ੍ਰਦਾਨ ਕਰਨਾ ਹੈ।

## ਪਾਕਿਸਤਾਨੀ ਫੌਜ ਦੇ ਨਿਸ਼ਾਨੇ 'ਤੇ ਚੰਡੀਗੜ੍ਹ, ਸਕੂਲ ਬੰਦ, ਲੋਕਾਂ ਲਈ ਐਡਵਾਈਜ਼ਰੀ

ਚੰਡੀਗੜ੍ਹ ਪਾਕਿਸਤਾਨੀ ਫੌਜ ਦੇ ਨਿਸ਼ਾਨੇ ਉਪਰ ਹੈ। ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਪਾਕਿ ਫੌਜ ਵੱਲੋਂ ਚੰਡੀਗੜ੍ਹ ਉਪਰ ਹਮਲਾ ਕੀਤਾ ਗਿਆ ਪਰ ਭਾਰਤੀ ਫੌਜ ਨੇ ਨਾਕਾਮ ਕਰ ਦਿੱਤਾ। ਲੰਘੀ ਰਾਤ ਵੀ ਚੰਡੀਗੜ੍ਹ ਉਪਰ ਹਮਲੇ ਦੀ ਕਨਸੋਅ ਮਗਰੋਂ ਬਲੈਕ ਆਊਟ ਕਰ ਦਿੱਤਾ ਗਿਆ। ਇਸ ਮਗਰੋਂ ਅੱਜ ਸਵੇਰੇ ਫਿਰ ਚੰਡੀਗੜ੍ਹ ਵਿੱਚ ਹਫੜਾ-ਦਫੜੀ ਮਚ ਗਈ ਜਦੋਂ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਅਚਾਨਕ ਸਾਇਰਨ ਵੱਜਣੇ ਸ਼ੁਰੂ ਹੋ ਗਏ। ਹਾਸਲ ਜਾਣਕਾਰੀ ਅਨੁਸਾਰ, ਇਹ ਕਦਮ ਏਅਰ ਫੋਰਸ ਸਟੇਸ਼ਨ ਤੋਂ ਸੰਭਾਵੀ ਹਵਾਈ ਹਮਲੇ ਦੀ ਚੇਤਾਵਨੀ ਮਿਲਣ ਤੋਂ ਬਾਅਦ ਚੁੱਕਿਆ ਗਿਆ। ਇਸ ਨੂੰ ਵੇਖਦਿਆਂ ਸਕੂਲਾਂ ਵਿੱਚ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਹਾਲਾਤ ਉਪਰ ਨਜ਼ਰ ਰੱਖਣ ਲਈ ਡੀਸੀ ਦਫ਼ਤਰ 10, 11 ਤੇ 12 ਮਈ ਨੂੰ ਛੁੱਟੀ ਵਾਲੇ ਦਿਨ ਵੀ ਖੁੱਲ੍ਹਾ ਰਹੇਗਾ। ਡੀਸੀ ਨਿਸ਼ਾਂਤ ਯਾਦਵ ਨੇ ਕਿਹਾ ਕਿ ਉਨ੍ਹਾਂ ਨੂੰ ਏਅਰ ਫੋਰਸ ਸਟੇਸ਼ਨ ਤੋਂ ਸੂਚਨਾ ਮਿਲੀ ਸੀ ਕਿ ਸੰਭਾਵੀ ਹਵਾਈ ਹਮਲਾ ਹੋ ਸਕਦਾ ਹੈ, ਜਿਸ ਤੋਂ ਬਾਅਦ ਪੂਰੇ ਸ਼ਹਿਰ ਨੂੰ ਤੁਰੰਤ ਅਲਰਟ ਕਰ ਦਿੱਤਾ ਗਿਆ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਹਰ ਕੋਈ ਆਪਣੇ ਘਰਾਂ ਵਿੱਚ ਰਹੇ, ਬਿਨਾਂ ਲੋੜ ਤੋਂ ਘਰੋਂ ਬਾਹਰ ਨਾ ਜਾਵੇ ਤੇ ਬਾਲਕੋਨੀਆਂ ਜਾਂ ਖੁੱਲ੍ਹੀਆਂ ਥਾਵਾਂ ਤੋਂ ਦੂਰ ਰਹੇ। ਅੱਜ ਸਵੇਰੇ ਸਾਇਰਨ ਵੱਜਦੇ ਹੀ ਸੈਕਟਰ 22 ਸੈਕਟਰ 17, ਸੈਕਟਰ 35 ਸਮੇਤ ਕਈ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਨੇ ਤੁਰੰਤ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਤੇ ਲੋਕ ਇਧਰ-ਉਧਰ ਭੱਜਦੇ ਦਿਖਾਈ ਦਿੱਤੇ। ਇਸ ਤੋਂ ਇਲਾਵਾ ਪ੍ਰਸ਼ਾਸਨ ਨੇ ਸਕੂਲਾਂ ਪ੍ਰਤੀ ਵੀ ਸਾਵਧਾਨੀ ਵਰਤੀ ਹੈ। ਸੈਕਟਰ-31 ਵਿੱਚ ਸਥਿਤ ਸੈਂਟਰਲ ਸਕੂਲ, ਜਿੱਥੇ ਹਵਾਈ ਸੈਨਾ ਦੇ ਜਵਾਨਾਂ ਤੇ ਅਧਿਕਾਰੀਆਂ ਦੇ ਬੱਚੇ ਪੜ੍ਹਦੇ ਹਨ, ਵਿੱਚ 10 ਮਈ ਤੱਕ ਛੁੱਟੀ ਘੋਸ਼ਿਤ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸ਼ਹਿਰ ਭਰ ਦੇ ਸਾਰੇ ਸਰਕਾਰੀ ਤੇ ਨਿੱਜੀ ਸਕੂਲਾਂ ਵਿੱਚ 10 ਮਈ ਤੱਕ ਛੁੱਟੀ ਐਲਾਨ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਸਾਰੇ ਨਾਗਰਿਕਾਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ। ਸੁਰੱਖਿਆ ਏਜੰਸੀਆਂ ਅਲਰਟ ਮੋਡ 'ਤੇ ਹਨ ਤੇ ਏਅਰ ਫੋਰਸ ਸਟੇਸ਼ਨ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵਾਧੂ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤੇ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਪੂਰੀ ਤਿਆਰੀ ਕੀਤੀ ਗਈ ਹੈ। ਨਾਗਰਿਕਾਂ ਨੂੰ ਅਫਵਾਹਾਂ ਤੋਂ ਬਚਣ ਤੇ ਸਿਰਫ਼ ਪ੍ਰਸ਼ਾਸਨਿਕ ਜਾਣਕਾਰੀ 'ਤੇ ਭਰੋਸਾ ਕਰਨ ਦੀ ਅਪੀਲ ਕੀਤੀ ਗਈ ਹੈ।

## ਸੰਭਾਵੀ ਖ਼ਤਰੇ ਨੂੰ ਦੇਖਦਿਆਂ ਪੰਜਾਬ ਵਿਚ ਜਾਰੀ ਹੋਈ ਨਵੀਂ ਐਡਵਾਈਜ਼ਰੀ

**ਚੰਡੀਗੜ੍ਹ, 9 ਮਈ (ਆਵਾਜ਼ਿ ਕੌਮ ਬਿਊਰੋ)-** ਭਾਰਤ-ਪਾਕਿ ਤਣਾਅ ਨੂੰ ਵੇਖਦਿਆਂ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਜਿਸ ਦੇ ਚੱਲਦੇ ਲੋਕਾਂ ਨੂੰ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਘੱਟ ਤੋਂ ਘੱਟ ਘਰਾਂ ਵਿਚੋਂ ਬਾਹਰ ਨਿਕਲਣ। ਛੱਤ "ਤੇ ਚੜ੍ਹਨ ਤੋਂ ਗੁਰੇਜ ਕਰਨ। ਜੇਕਰ ਕੋਈ ਸ਼ੱਕੀ ਵਿਅਕਤੀ




ਜਾਂ ਸ਼ੱਕੀ ਚੀਜ਼ ਨਜ਼ਰ ਆਉਂਦੀ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਦੂਜੇ ਪਾਸੇ ਪਟਿਆਲਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਬੇਨਤੀ ਕੀਤੀ ਹੈ ਕਿ ਉਹ ਘਰਾਂ ਵਿਚ ਰਹਿਣ। ਲੋਕਾਂ ਨੂੰ ਆਖਿਆ ਗਿਆ ਹੈ ਕਿ ਜਦੋਂ ਤੱਕ ਬਹੁਤ ਜ਼ਰੂਰੀ ਕੰਮ ਨਾ ਹੋਵੇ, ਓਦੋਂ ਤੱਕ ਘਰ ਤੋਂ ਬਾਹਰ ਨਿਕਲਣ ਤੋਂ ਗੁ.ਰੇਜ਼ ਕੀਤਾ ਜਾਵੇ। ਬਠਿੰਡਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਐਡਵਾਈਜ਼ਰੀ ਜਾਰੀ ਕਰਦਿਆਂ ਆਖਿਆ ਗਿਆ ਹੈ ਕਿ ਮੀਡੀਆ ਕਰਮਚਾਰੀਆਂ ਸਮੇਤ ਸਾਰੀ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਅਣਪਛਾਤੀ ਵਸਤੂ ਜਾਂ ਉਨ੍ਹਾਂ ਦੇ ਟੁਕੜਿਆਂ ਤੋਂ ਦੂਰ ਰਹਿਣ। ਲਗਭਗ 100 ਮੀਟਰ ਦੀ ਸਪੱਸ਼ਟ ਦੂਰੀ ਯਕੀਨੀ ਬਣਾਈ ਜਾਵੇ। ਹਥਿਆਰਬੰਦ ਬਲਾਂ ਅਤੇ ਰਾਜ ਪ੍ਰਸ਼ਾਸਨ ਦੀਆਂ ਸਾਂਝੀਆਂ ਟੀਮਾਂ ਵੱਖ-ਵੱਖ ਖੇਤਰਾਂ ਦਾ ਦੌਰਾ ਕਰ ਰਹੀਆਂ ਹਨ। ਬੇਲੋੜੀਆਂ ਅਫਵਾਹਾਂ ਫੈਲਾਉਣ ਤੋਂ ਸਖ਼ਤੀ ਨਾਲ ਬਚਿਆ ਜਾਵੇ। ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਢੁਕਵੀਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਘਰ ਦੇ ਅੰਦਰ ਹੀ ਰਹਿਣ ਅਤੇ ਖਿੜਕੀਆਂ ਤੋਂ ਦੂਰ ਰਹਿਣ। ਜ਼ਰੂਰਤ ਪੈਣ 'ਤੇ ਹੀ ਘਰੋਂ ਬਾਹਰ ਨਿਕਲਿਆ ਜਾਵੇ। ਉਧਰ ਚੰਡੀਗੜ੍ਹ ਵਿਚ ਅੱਜ ਸਵੇਰੇ ਡਰੋਨ ਅਟੈਕ ਦੇ ਖਦਸ਼ੇ ਕਾਰਨ ਕਈ ਘੰਟੇ ਸਾਇਰਨ ਵੱਜਦੇ ਰਹੇ। ਇਸ ਤੋਂ ਬਾਅਦ ਨਾਲ ਲੱਗਦੇ ਪੰਜਾਬ ਦੇ ਖੇਤਰਾਂ ਵਿਚ ਵੀ ਚੌਕਸੀ ਵਧਾ ਦਿੱਤੀ ਗਈ। ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸ਼ਾਮ 7 ਵਜੇ ਤੋਂ ਬਾਅਦ ਬਜ਼ਾਰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਸਾਰੀਆਂ ਵਿੱਦਿਆਕ ਸੰਸਥਾਵਾਂ ਅਗਲੀ ਸੂਚਨਾ ਤੱਕ ਬੰਦ ਰਹਿਣਗੀਆਂ। ਨਾਗਰਿਕਾਂ ਨੂੰ ਪੂਰੀ ਤਰ੍ਹਾਂ ਘਰਾਂ ਵਿਚ ਰਹਿਣ ਅਤੇ ਛੱਤਾਂ, ਬਾਲਕੋਨੀਆਂ ਜਾਂ ਖੁੱਲ੍ਹੇ ਇਲਾਕਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਤੁਰੰਤ ਸੰਪਰਕ ਕਰਨ ਲਈ ਆਖਿਆ ਗਿਆ ਹੈ।

## ਮੁੜ ਉਜਾੜੇ ਦਾ ਸਾਹਮਣਾ ਕਰ ਰਹੇ ਨੇ ਸਰਹੱਦੀ ਪਿੰਡ

### ਖ਼ਾਲੀ ਕਰਵਾਇਆ ਪਠਾਨਕੋਟ ਦਾ ਪਿੰਡ, ਪਾਕਿਸਤਾਨ ਦੇ ਹਮਲੇ ਤੋਂ ਬਾਅਦ ਲਿਆ ਫ਼ੈਸਲਾ



**ਚੰਡੀਗੜ੍ਹ, 9 ਮਈ (ਆਵਾਜ਼ਿ ਕੌਮ ਬਿਊਰੋ)-** ਪਾਕਿਸਤਾਨ ਨਾਲ ਵਧਦੇ ਤਣਾਅ ਦੇ ਵਿਚਕਾਰ ਪਠਾਨਕੋਟ ਦੇ ਸਰਹੱਦੀ ਪਿੰਡ ਸਕੋਲ ਨੂੰ ਖਾਲੀ ਕਰਵਾ ਲਿਆ ਗਿਆ ਹੈ। ਜ਼ੀਰੋ ਲਾਈਨ 'ਤੇ ਸਥਿਤ ਇਸ ਪਿੰਡ ਦੀ 450 ਦੀ ਆਬਾਦੀ ਵਿੱਚੋਂ ਪਿੰਡ ਵਿੱਚ ਸਿਰਫ਼ 10-15 ਲੋਕ ਹੀ ਰਹਿ ਰਹੇ ਹਨ। ਪਿੰਡ ਦੇ ਲੋਕਾਂ ਨੇ ਬਿਨਾਂ ਕਿਸੇ ਸਰਕਾਰੀ ਹੁਕਮ ਦੇ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਹੈ। ਜ਼ਿਆਦਾਤਰ ਲੋਕ ਰਾਤ ਨੂੰ ਆਪਣੇ ਰਿਸ਼ਤੇਦਾਰਾਂ ਦੇ ਘਰ ਜਾਂਦੇ ਹਨ। ਸਵੇਰੇ ਉਹ ਸਿਰਫ਼ ਜਾਨਵਰਾਂ ਦੀ ਦੇਖਭਾਲ ਕਰਨ ਲਈ ਪਿੰਡ ਵਾਪਸ ਆਉਂਦਾ ਹੈ। ਪਿੰਡ ਵਿੱਚ ਮੌਜੂਦ ਲੋਕਾਂ ਦੇ ਅਨੁਸਾਰ ਬੀਤੀ ਰਾਤ ਜੰਮੂ-ਕਸ਼ਮੀਰ ਵਾਲੇ ਪਾਸੇ ਤੋਂ ਭਾਰੀ ਬੰਬਾਰੀ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਇਸ ਕਾਰਨ ਲੋਕ ਸਾਰੀ ਰਾਤ ਜਾਗਦੇ ਰਹੇ। ਸਥਾਨਕ ਨਿਵਾਸੀ ਅਰਪਨ ਕੁਮਾਰ ਨੇ ਕਿਹਾ ਕਿ ਸਕੋਲ ਪਿੰਡ ਤਿੰਨ ਪਾਸਿਆਂ ਤੋਂ ਭਾਰਤ-ਪਾਕਿਸਤਾਨ ਸਰਹੱਦ ਨਾਲ ਘਿਰਿਆ ਹੋਇਆ ਹੈ। ਇੱਕ ਪਾਸੇ ਦਰਿਆ ਵਗਦਾ ਹੈ। ਇਸ ਭੂਗੋਲਿਕ ਸਥਿਤੀ ਕਾਰਨ ਇਹ ਪਿੰਡ ਕਾਫ਼ੀ ਸੰਵੇਦਨਸ਼ੀਲ ਹੈ। ਪ੍ਰਸ਼ਾਸਨ ਵੱਲੋਂ ਹੁਣ ਤੱਕ ਕੋਈ ਸੁਰੱਖਿਆ ਪ੍ਰਬੰਧ ਨਹੀਂ ਕੀਤੇ ਗਏ ਹਨ। ਨਾ ਹੀ ਲੋਕਾਂ ਦੇ ਰਹਿਣ ਲਈ ਕੋਈ ਬਦਲਵਾਂ ਪ੍ਰਬੰਧ ਕੀਤਾ ਗਿਆ ਹੈ। ਇਸ ਲਈ ਪਿੰਡ ਦੇ ਲੋਕ ਆਪਣੇ ਰਿਸ਼ਤੇਦਾਰਾਂ ਦੇ ਘਰ ਪਨਾਹ ਲੈਣ ਲਈ ਮਜਬੂਰ ਹਨ।

## ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੁੰਛ 'ਚ ਹਮਲੇ ਦੌਰਾਨ ਜ਼ਖ਼ਮੀ ਹੋਏ ਸਿੱਖਾਂ ਦਾ ਹਾਲ ਜਾਣਿਆ



**ਪੁੰਛ (ਜੰਮੂ ਕਸ਼ਮੀਰ), 9 ਮਈ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੁੰਛ 'ਚ ਹਮਲੇ ਦੌਰਾਨ ਜ਼ਖ਼ਮੀ ਹੋਏ ਸਿੱਖਾਂ ਦਾ ਹਸਪਤਾਲ ਪਹੁੰਚ ਕੇ ਹਾਲ ਜਾਣਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਮੱਦਦ ਦਾ ਭਰੋਸਾ ਵੀ ਦਿੱਤਾ। ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਜੇਰੇ-ਇਲਾਜ਼ ਸ. ਗੁਰਮੀਤ ਸਿੰਘ ਅਤੇ ਕਾਕ ਰਾਜਵੰਸ਼ ਸਿੰਘ ਨੂੰ ਮਿਲ ਕੇ ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ ਨੇ ਹਮਦਰਦੀ ਜਤਾਈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਦੇਸ਼ ਅੰਦਰ ਬਣੇ ਤਣਾਅਪੂਰਨ ਹਾਲਾਤ ਦੌਰਾਨ ਬੀਤੇ ਦਿਨੀਂ ਪੁੰਛ ਤੋਂ ਸਿੱਖ ਜੰਮੂ ਨੂੰ ਆ ਰਹੇ ਸੀ, ਜਦੋਂ ਗੱਡੀਆਂ ਦੇ ਕਾਫ਼ਲੇ 'ਤੇ ਹਮਲਾ ਹੋਣ ਕਰਕੇ ਇਕ ਸਿੱਖ ਦੀ ਮੌਤ ਹੋ ਗਈ ਅਤੇ ਸ. ਗੁਰਮੀਤ ਸਿੰਘ ਉਨ੍ਹਾਂ ਦਾ ਬੇਟਾ ਕਾਕਾ ਰਾਜਵੰਸ਼ ਸਿੰਘ ਅਤੇ ਪਰਿਵਾਰ ਦੇ ਹੋਰ ਮੈਂਬਰ ਗੰਭੀਰ ਜ਼ਖ਼ਮੀ ਹੋਏ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਸ. ਗੁਰਮੀਤ ਸਿੰਘ ਤੇ ਕਾਕਾ ਰਾਜਵੰਸ਼ ਸਿੰਘ ਨੂੰ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿਥੇ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਮਨੁੱਖਤਾ ਨਾਲ ਖੜ੍ਹਨਾ ਆਪਣਾ ਫ਼ਰਜ਼ ਸਮਝਦੀ ਹੈ ਅਤੇ ਮੌਜੂਦਾ ਸਮੇਂ ਬਣੇ ਹਾਲਾਤਾਂ ਵਿਚ ਵੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਬਾਰਡਰ ਏਰੀਏ ਤੋਂ ਆਪਣਾ ਘਰ ਬਾਰ ਛੱਡ ਕੇ ਆਏ ਲੋਕਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਨਜ਼ਦੀਕੀ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼ ਅਤੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਖ਼ਾਲੀ ਹੋਏ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੀ ਸੁਰੱਖਿਅਤ ਜਗ੍ਹਾ ਪਹੁੰਚਾਏ ਜਾ ਰਹੇ ਹਨ। ਸਕੱਤਰ ਸ. ਪ੍ਰਤਾਪ ਸਿੰਘ ਨੇ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਲੋੜ ਪੈਣ 'ਤੇ ਉਹ ਨੇੜਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਸੰਪਰਕ ਕਰਨ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਭਾਰਤ ਪਾਕਿਸਤਾਨ ਤਣਾਅ

# ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਉੱਪ ਮੰਡਲ ਤਲਵੰਡੀ ਸਾਬੋ ਨੂੰ 12 ਸੈਕਟਰਾਂ ਚ ਵੰਡਿਆ

### ਹਰ ਸੈਕਟਰ ਚ ਲੋਕਾਂ ਦੇ ਸੁਰੱਖਿਅਤ ਠਹਿਰਾਅ ਲਈ ਬਣਾਇਆ ਆਰਜੀ 'ਆਸਰਾ ਕੇਂਦਰ', ਮੁਲਾਜ਼ਮਾਂ ਦੀਆਂ ਲਾਈਆਂ ਡਿਊਟੀਆਂ

ਤਲਵੰਡੀ ਸਾਬੋ, 09 ਮਈ (ਗੁਰਜੰਟ ਸਿੰਘ ਨਥੇਹਾ)- ਭਾਰਤ ਪਾਕਿਸਤਾਨ ਦਰਮਿਆਨ ਪੈਦਾ ਹੋਏ ਤਣਾਅ ਦੇ ਚਲਦਿਆਂ ਲੋਕਾਂ ਦੀ ਸੁਰੱਖਿਆ ਲਈ ਅਗਾਊਂ ਇਂਤਜ਼ਾਮ ਕਰਨ ਦੀ ਲੜੀ ਚ ਅੱਜ ਉੱਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਪੰਕਜ ਬਾਂਸਲ ਨੇ ਇੱਕ ਸਰਕੂਲਰ ਜਾਰੀ ਕਰਦਿਆਂ ਸਮੁੱਚੇ ਉੱਪ ਮੰਡਲ ਤਲਵੰਡੀ ਸਾਬੋ ਨੂੰ 12 ਸੈਕਟਰਾਂ (10 ਪੇਂਡੂ ਅਤੇ ਦੋ ਸ਼ਹਿਰੀ) 'ਚ ਵੰਡਦਿਆਂ ਹਰੇਕ ਸੈਕਟਰ ਚ ਜ਼ਰੂਰਤ ਪੈਣ ਤੇ 'ਆਰਜੀ ਆਸਰਾ ਕੇਂਦਰ' ਵਜੋਂ ਕੰਮ ਆਉਣ ਵਾਲੇ ਸਕੂਲਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਅਤੇ ਉਕਤ ਕੇਂਦਰ ਚ ਲੋੜ ਪੈਣ ਤੇ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ ਨਾਲ ਲੋਕਾਂ ਨਾਲ ਤਾਲਮੇਲ ਵਾਸਤੇ ਮੁਲਾਜ਼ਮਾਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ।



ਐੱਸ.ਡੀ.ਐੱਮ ਤਲਵੰਡੀ ਸਾਬੋ ਦੇ ਦਸਤਖਤਾਂ ਹੇਠ ਜਾਰੀ ਉਕਤ ਸਰਕੂਲਰ ਮੁਤਾਬਿਕ ਉੱਪ ਮੰਡਲ ਅਧੀਨ ਆਉਂਦੇ ਸਾਰੇ ਪਿੰਡਾਂ ਦੇ 10 ਸਰਕਲ ਬਣਾ ਕੇ 10 ਸਰਕਾਰੀ ਸਕੂਲਾਂ ਨੂੰ ਆਰਜ਼ੀ ਆਸਰਾ ਕੇਂਦਰ ਵਜੋਂ ਨਿਰਧਾਰਿਤ ਕਰ ਦਿੱਤਾ ਗਿਆ ਹੈ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਵਾਪਰਨ ਤੇ ਇੰਨ੍ਹਾਂ ਪਿੰਡਾਂ ਦੇ ਪ੍ਰਭਾਵਿਤ ਲੋਕਾਂ ਨੂੰ ਲੋੜ ਪੈਣ ਤੇ ਉਕਤ ਸਕੂਲਾਂ ਚ ਲਿਆ ਕੇ ਉਨਾਂ ਨੂੰ ਆਰਜੀ ਆਸਰਾ ਦਿੱਤਾ ਜਾ ਸਕੇ।ਜਾਰੀ ਪੱਤਰ ਮੁਤਾਬਿਕ ਤਲਵੰਡੀ ਸਾਬੋ ਨਗਰ ਲਈ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨੂੰ ਅਤੇ ਰਾਮਾਂ ਸ਼ਹਿਰ ਲਈ ਹਿੰਦੂ ਸੀਨੀਅਰ ਸੈਕੰਡਰੀ ਸਕੂਲ ਰਾਮਾਂ ਮੰਡੀ ਨੂੰ ਆਰਜੀ ਆਸਰਾ ਕੇਂਦਰ ਬਣਾਇਆ ਗਿਆ ਹੈ।ਐੱਸ.ਡੀ.ਐੱਮ ਨੇ ਉਕਤ ਆਸਰਾ ਕੇਂਦਰਾਂ ਲਈ ਜਿੱਥੇ ਇੰਚਾਰਜ ਅਤੇ ਸਹਿ ਇੰਚਾਰਜ ਵਜੋਂ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾਈਆਂ ਹਨ ਉੱਥੇ ਉਨਾਂ ਦੀ ਮਦੱਦ ਲਈ ਵੀ ਮੁਲਾਜ਼ਮਾਂ ਦੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਉਕਤ ਸਰਕੂਲਰ ਮੁਤਾਬਿਕ ਸਬ ਡਵੀਜ਼ਨ ਪੱਧਰ ਦੀ ਵੀ ਇੱਕ 9 ਮੈਂਬਰੀ ਕਮੇਟੀ ਤਹਿਸੀਲਦਾਰ ਤਲਵੰਡੀ ਸਾਬੋ ਨਵਪ੍ਰੀਤ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਹੈ।ਉਕਤ ਪੱਤਰ ਦੀ ਪੁਸ਼ਟੀ ਕਰਦਿਆਂ ਐੱਸ.ਡੀ.ਐੱਮ ਪੰਕਜ ਬਾਂਸਲ ਨੇ ਕਿਹਾ ਕਿ ਇਹ ਅਹਿਤਿਹਾਤ ਵਜੋਂ ਕਦਮ ਉਠਾਏ ਜਾ ਰਹੇ ਹਨ ਕਿਸੇ ਵੀ ਵਾਸ਼ਿੰਦੇ ਨੂੰ ਘਬਰਾਉਣ ਦੀ ਲੋੜ ਨਹੀ ਹੈ।ਉਨਾਂ ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਸ਼ਨ, ਪੈਟਰੋਲ/ਡੀਜ਼ਲ ਜਾਂ ਘਰੇਲੂ ਗੈਸ ਦੀ ਬੇਲੋੜੀ ਖਰੀਦ ਨਾ ਕਰਨ ਕਿਉਂਕਿ ਉਕਤ ਸਾਰੀਆਂ ਵਸਤਾਂ ਮਹਿਕਮਿਆਂ ਕੋਲ ਭਰਪੂਰ ਮਾਤਰਾ ਚ ਹਨ ਅਤੇ ਕਿਸੇ ਵੀ ਮੁਸ਼ਿਕਲ ਘੜੀ ਚ ਇੰਨਾਂ ਦੀ ਘਾਟ ਨਹੀ ਆਉਣ ਦਿੱਤੀ ਜਾਵੇਗੀ।ਐੱਸ.ਡੀ.ਐੱਮ ਨੇ ਇਲਾਕੇ ਦੇ ਲੋਕਾਂ ਨੂੰ ਬਲੈਕਆਊਟ ਮੌਕੇ ਸੰਪੂਰਨ ਸਮੱਰਥਨ ਦੇਣ ਦੀ ਅਪੀਲ ਵੀ ਇਸ ਮੌਕੇ ਕੀਤੀ।


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆਂ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

**Important Note:** The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

## ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ

### ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ





# ਸ਼ਬਦ ਕੀਰਤਨ ਅਤੇ ਕਥਾ ਸਮਾਗਮ

## 1 ਮਈ ਤੋਂ 31 ਮਈ 2025 ਤੱਕ

**ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ**

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

- 1 ਮਈ ਵੀਰਵਾਰ — ਜਬੋਵਾਲ — ਸ਼ਾਮ 6 ਤੋਂ 8 ਵਜੇ ਤੱਕ
- 2 ਮਈ ਸ਼ੁੱਕਰਵਾਰ — ਜੱਫਰਵਾਲ — ਸ਼ਾਮ 6 ਤੋਂ 8 ਵਜੇ ਤੱਕ
- 3 ਮਈ ਸ਼ਨੀਵਾਰ — ਗੁ: ਭਗਤਾਂ ਦਾ ਡੇਰਾ ਤਰਸਿੱਕਾ — ਸ਼ਾਮ 6 ਤੋਂ 8 ਵਜੇ ਤੱਕ
- 4 ਮਈ ਐਤਵਾਰ — ਕੋਟਲਾ ਮੂਸਾ ਨੇੜੇ ਕਾਦੀਆਂ ਡੱਲਾ ਮੋੜ — ਸ਼ਾਮ 6 ਤੋਂ 8 ਵਜੇ ਤੱਕ
- 5 ਮਈ ਸੋਮਵਾਰ — ਸੱਦਾਰੰਗ — ਸ਼ਾਮ 6 ਤੋਂ 8 ਵਜੇ ਤੱਕ
- 6 ਮਈ ਮੰਗਲਵਾਰ — ਸਹਾਇਪੁਰ — ਸ਼ਾਮ 6 ਤੋਂ 8 ਵਜੇ ਤੱਕ
- 7 ਮਈ ਬੁੱਧਵਾਰ — ਧਰਦਿਓ — ਸ਼ਾਮ 6 ਤੋਂ 8 ਵਜੇ ਤੱਕ
- 8 ਮਈ ਵੀਰਵਾਰ — ਬਾਬੋਵਾਲ — ਸ਼ਾਮ 6 ਤੋਂ 8 ਵਜੇ ਤੱਕ
- 9 ਮਈ ਸ਼ੁੱਕਰਵਾਰ — ਭਲਾਈਪੁਰ ਪੁਰਬਾ — ਸ਼ਾਮ 6 ਤੋਂ 8 ਵਜੇ ਤੱਕ
- 10 ਮਈ ਸ਼ਨੀਵਾਰ — ਗੁ: ਕੰਧ ਸਾਹਿਬ ਬਟਾਲਾ — ਸ਼ਾਮ 6 ਤੋਂ 8 ਵਜੇ ਤੱਕ
- 11 ਮਈ ਐਤਵਾਰ — ਗੁਰੂ ਕੀ ਬੇਰ ਸਾਹਿਬ ਮੱਤੇਵਾਲ — ਸ਼ਾਮ 6 ਤੋਂ 8 ਵਜੇ ਤੱਕ
- 12 ਮਈ ਸੋਮਵਾਰ — ਲੀਲ ਕਲਾਂ — ਸ਼ਾਮ 6 ਤੋਂ 8 ਵਜੇ ਤੱਕ
- 13 ਮਈ ਮੰਗਲਵਾਰ — ਸੂਸਾ — ਸ਼ਾਮ 6 ਤੋਂ 8 ਵਜੇ ਤੱਕ
- 14 ਮਈ ਬੁੱਧਵਾਰ — ਸਿਆਲਕਾ — ਸ਼ਾਮ 6 ਤੋਂ 8 ਵਜੇ ਤੱਕ
- 15 ਮਈ ਵੀਰਵਾਰ — ਚੌਣੇ — ਸ਼ਾਮ 6 ਤੋਂ 8 ਵਜੇ ਤੱਕ
- 16 ਮਈ ਸ਼ੁੱਕਰਵਾਰ — ਨਵਾਂ ਪਿੰਡ — ਸ਼ਾਮ 6 ਤੋਂ 8 ਵਜੇ ਤੱਕ
- 17 ਮਈ ਸ਼ਨੀਵਾਰ — ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ — ਸ਼ਾਮ 6 ਤੋਂ 8 ਵਜੇ ਤੱਕ
- 18 ਮਈ ਐਤਵਾਰ — ਧਰਮੂਚੱਕ — ਸ਼ਾਮ 6 ਤੋਂ 8 ਵਜੇ ਤੱਕ
- 19 ਮਈ ਸੋਮਵਾਰ — ਕਾਹਲਵਾਂ — ਸ਼ਾਮ 6 ਤੋਂ 8 ਵਜੇ ਤੱਕ
- 20 ਮਈ ਮੰਗਲਵਾਰ — ਉੱਦੋ ਨੰਗਲ ਖੁਰਦ — ਸ਼ਾਮ 6 ਤੋਂ 8 ਵਜੇ ਤੱਕ
- 21 ਮਈ ਬੁੱਧਵਾਰ — ਸਠਿਆਲਾ — ਸ਼ਾਮ 6 ਤੋਂ 8 ਵਜੇ ਤੱਕ
- 22 ਮਈ ਵੀਰਵਾਰ — ਢਪਈਆ — ਸ਼ਾਮ 6 ਤੋਂ 8 ਵਜੇ ਤੱਕ
- 23 ਮਈ ਸ਼ੁੱਕਰਵਾਰ — ਵੀਲਾ/ਮੀਕੇ — ਸ਼ਾਮ 6 ਤੋਂ 8 ਵਜੇ ਤੱਕ
- 24 ਮਈ ਸ਼ਨੀਵਾਰ — ਬੁਤਾਲਾ — ਸ਼ਾਮ 6 ਤੋਂ 8 ਵਜੇ ਤੱਕ
- 25 ਮਈ ਐਤਵਾਰ — ਖੱਬੇ ਰਾਜਪੂਤਾਂ ਸਵੇਰੇ 10 ਤੋਂ 12 ਵਜੇ ਤੱਕ; ਚੌਧਰੀਵਾਲ ਸ਼ਾਮ 7 ਤੋਂ 9 ਵਜੇ ਤੱਕ
- 26 ਮਈ ਸੋਮਵਾਰ — ਜਲਾਲ ਉਸਮਾਂ — ਸ਼ਾਮ 6 ਤੋਂ 8 ਵਜੇ ਤੱਕ
- 27 ਮਈ ਮੰਗਲਵਾਰ — ਜੇਠੂਵਾਲ — ਸ਼ਾਮ 6 ਤੋਂ 8 ਵਜੇ ਤੱਕ
- 28 ਮਈ ਬੁੱਧਵਾਰ — ਗੁ: ਰਾਮ ਥੰਮਣ ਸਾਹਿਬ ਮਨੇਸ਼ — ਸ਼ਾਮ 6 ਤੋਂ 8 ਵਜੇ ਤੱਕ
- 29 ਮਈ ਵੀਰਵਾਰ — ਮੈਹਣੀਆ ਕੁਹਾਰਾ — ਸ਼ਾਮ 6 ਤੋਂ 8 ਵਜੇ ਤੱਕ
- 30 ਮਈ ਸ਼ੁੱਕਰਵਾਰ — ਮਹਿਤਾ ਚੌਂਕ — ਸ਼ਾਮ 6 ਤੋਂ 8 ਵਜੇ ਤੱਕ
- 31 ਮਈ ਸ਼ਨੀਵਾਰ — ਚਾਟੀਵਿੰਡ — ਸ਼ਾਮ 6 ਤੋਂ 8 ਵਜੇ ਤੱਕ

1-2-3-4-5 ਜੂਨ 2025 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2025, ਸ਼ੁੱਕਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 95171-76191, 84376-91626**

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋੜੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਪ੍ਰਕਾਸ਼ ਪੁਰਬ

ਅਵਤਾਰ ਪੁਰਬ : ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ



☛ ਸਾਲਾਨਾ ਬਰਸੀਂ : ਬਾਬਾ ਬੀਰ ਸਿੰਘ ਨੌਰੰਗਾਬਾਦ ਪਿੰਡ ਗੱਗੋਬੂਹਾ ( ਅੰਮ੍ਰਿਤਸਰ ) ☛ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਵੱਲੋਂ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ ।

**10 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ ।**

11 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ ।

ਭਾਈ ਸੁਖਬੀਰ ਸਿੰਘ ਰਾਣੀਪੁਰ ਕਥਾ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ੴ ਸਤਿਗੁਰ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

**ਸਰਦਾਰ ਮਨਜਿੰਦਰ ਸਿੰਘ ਅਰਸ਼ੀ**

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 27 ਅਪ੍ਰੈਲ 2025 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ**

**ਮਿਤੀ 24 ਮਈ, 2025 ਸ਼ਨੀਵਾਰ ਦਿਨ ਨੂੰ**

**ਘਰ ਨਜ਼ਦੀਕ ਗੁਰੂਦਵਾਰਾ ਭਾਈ ਸੁਲ੍ਹਾ ਸਾਹਿਬ ਜੀ (ਕਨਵਰ ਐਵੀਨਿਊ )**

ਸਮਾਂ 12 ਤੋਂ 2 ਵਜੇ ਤੱਕ ਪਵੇਗਾ।

ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਸਰਦਾਰ ਪੂਰਨ ਸਿੰਘ ਅਰਸ਼ੀ(ਪਿਤਾ)9876607150।
ਸਰਦਾਰ ਲਖਵਿੰਦਰ ਸਿੰਘ ਅਰਸ਼ੀ (ਭਰਾ) 9872733030।
ਸ: ਜਸਕੀਰਤ ਸਿੰਘ ਅਰਸ਼ੀ (ਪੁੱਤਰ)


ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਮਹਾਨ ਸ਼ਹੀਦੀਆਂ ਸਿੰਘ ਸਿੰਘਣੀਆਂ ਭੁਜੰਗੀਆਂ

ਛੋਟਾ ਘੱਲੂਘਾਰਾ ਕਹਾਨੂੰਵਾਨ ਗੁਰਦਾਸਪੁਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ ।

**17 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ ।**

18 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ ।

ਕੀਰਤਨੀ ਜਥਾ ਰਾਗੀ ਭਾਈ ਅਮਰਜੀਤ ਸਿੰਘ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ☛ਸ਼ੇਅਰ ਜ਼ਰੂਰੀ ਕਰਨਾ ਜੀ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


### ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ

# ਦੱਖਣ ਏਸ਼ੀਆ ਖ਼ਿੱਤੇ ਵਿੱਚ ਸੁੱਖ ਸ਼ਾਂਤੀ ਲਈ ਅਰਦਾਸ









**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।।**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**

**ਸ੍ਰੀ ਅਨੰਦਪੁਰ ਸਾਹਿਬ, 9 ਮਈ (ਆਵਾਜ਼ਿ ਕੌਮ ਬਿਊਰੋ)**-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੱਖਣ ਏਸ਼ੀਆ ਵਿੱਚ ਬਣ ਰਹੇ ਮੌਜੂਦਾ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਅੱਜ ਸੁੱਖ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਬੇਨਤੀ ਕੀਤੀ ਕਿ ਦੱਖਣ ਏਸ਼ੀਆ ਦੇ ਖ਼ਿੱਤੇ ਵਿੱਚ ਸੁੱਖ ਸ਼ਾਂਤੀ ਕਾਇਮ ਰਹੇ ਅਤੇ ਜੋ ਜੰਗ ਵਰਗੇ ਹਾਲਾਤ ਬਣ ਰਹੇ ਹਨ ਉਹ ਟਲਣ ਤੇ ਜੰਗ ਨਾ ਲੱਗੇ। ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਗਈ ਕਿ ਉਹ ਰਹਿਮਤ ਕਰਦਿਆਂ ਸਮੁੱਚੇ ਸੰਸਾਰ ਦੇ ਅੰਦਰ ਵੱਸਣ ਵਾਲੀ ਮਨੁੱਖਤਾ ਤੇ ਜੀਵ ਜੰਤੂਆਂ ਦੀ ਰੱਖਿਆ ਅਤੇ ਕਲਿਆਣ ਕਰਨ। ਦੱਖਣੀ ਏਸ਼ੀਆ ਖ਼ਿੱਤੇ ਵਿੱਚ ਆਪਸੀ ਪ੍ਰੇਮ, ਪਿਆਰ, ਇਤਫ਼ਾਕ ਤੇ ਸੁੱਖ ਸ਼ਾਂਤੀ ਵਧੇ। ਇਸ ਮੌਕੇ ਅਰਦਾਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਫ਼ਸੀਲ ਦੇ ਸਨਮੁਖ ਗੁਰਬਾਣੀ ਦਾ ਜਾਪ ਕੀਤਾ ਗਿਆ ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ, ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ, ਪੰਜ ਪਿਆਰੇ ਸਾਹਿਬਾਨ, ਤਖ਼ਤ ਸਾਹਿਬ ਦੇ ਮੈਨੇਜਰ ਸ. ਮਲਕੀਤ ਸਿੰਘ, ਐਡੀਸ਼ਨਲ ਮੈਨੇਜਰ ਸ. ਹਰਦੇਵ ਸਿੰਘ ਸਮੇਤ ਸਮੂਹ ਸਟਾਫ਼ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।

### ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਕੀਤੀ ਅਰਦਾਸ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਆਪ੍ਰੇਸ਼ਨ ਸਿੰਦੂਰ: ਟਰਾਂਸਪੋਰਟ ਭਾਈਚਾਰੇ ਨੇ ਹਥਿਆਰਬੰਦ ਸੈਨਾਵਾਂ ਅਤੇ ਸਰਕਾਰ ਨੂੰ ਪੂਰਾ ਸਮਰਥਨ ਦੇਣ ਲਈ ਕੀਤਾ ਵਾਅਦਾ



**ਅੰਮ੍ਰਿਤਸਰ 9 ਮਈ (ਆਵਾਜ਼ਿ ਕੌਮ ਬਿਊਰੋ)**-ਦੇਸ਼ਭਗਤੀ ਅਤੇ ਵਚਨਬੱਧਤਾ ਦੇ ਇੱਕ ਸੰਯੁਕਤ ਪ੍ਰਦਰਸ਼ਨ ਵਿੱਚ, ਦੇਸ਼ ਭਰ ਦੇ ਟਰਾਂਸਪੋਰਟ ਭਾਈਚਾਰੇ ਨੇ "ਆਪ੍ਰੇਸ਼ਨ ਸਿੰਦੂਰ" ਪਹਿਲਕਦਮੀ ਦੇ ਤਹਿਤ ਹਥਿਆਰਬੰਦ ਸੈਨਾਵਾਂ ਅਤੇ ਭਾਰਤ ਸਰਕਾਰ ਨੂੰ ਪੂਰਾ ਲੌਜਿਸਟਿਕਲ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ ਸਰਹੱਦੀ ਖੇਤਰਾਂ ਤੋਂ ਲੈ ਕੇ ਦੂਰ-ਦੁਰਾਡੇ ਦੇ ਅੰਦਰੂਨੀ ਹਿੱਸਿਆਂ ਤੱਕ, ਟਰਾਂਸਪੋਰਟਰ ਇਸ ਮਹੱਤਵਪੂਰਨ ਸਮੇਂ ਦੌਰਾਨ ਹਥਿਆਰਬੰਦ ਸੈਨਾਵਾਂ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਦੀ ਹਰ ਸੰਭਵ ਤਰੀਕੇ ਨਾਲ ਸਹਾਇਤਾ ਲਈ ਸਰੋਤ, ਵਾਹਨ ਅਤੇ ਮਨੁੱਖੀ ਸ਼ਕਤੀ ਜੁਟਾਉਣ ਲਈ ਤਿਆਰ ਹਨ ਇਸ ਮੌਕੇ ਸ਼੍ਰੀ ਬਲ ਮਲਕੀਤ ਸਿੰਘ, ਸਲਾਹਕਾਰ ਅਤੇ ਆਲ ਇੰਡੀਆ ਮੋਟਰ ਟ੍ਰਾਂਸਪੋਰਟ ਕਾਂਗਰਸ ਦੇ ਸਾਬਕਾ ਪ੍ਰਧਾਨ, ਨੇ ਕਿਹਾ ਕਿ÷ਟਰਾਂਸਪੋਰਟ ਭਾਈਚਾਰਾ ਸਾਡੀਆਂ ਬਹਾਦਰ ਹਥਿਆਰਬੰਦ ਸੈਨਾਵਾਂ ਅਤੇ ਸਰਕਾਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਰਾਸ਼ਟਰੀ ਸੇਵਾ ਦੀ ਭਾਵਨਾ ਵਿੱਚ, ਅਸੀਂ ਆਪ੍ਰੇਸ਼ਨ ਸਿੰਦੂਰ ਲਈ ਦੇਸ਼ ਭਰ ਵਿੱਚ ਨਿਰਵਿਘਨ ਲੌਜਿਸਟਿਕਸ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹਾਂ। ਰਾਸ਼ਟਰ ਪਹਿਲਾਂ ਆਉਂਦਾ ਹੈ - ਹਮੇਸ਼ਾ ਟਰਾਂਸਪੋਰਟ ਸੈਕਟਰ, ਜਿਸਨੂੰ ਅਕਸਰ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ, ਇੱਕ ਵਾਰ ਫਿਰ ਰਾਸ਼ਟਰ ਪ੍ਰਤੀ ਆਪਣੀ ਅਟੁੱਟ ਸਮਰਪਣ ਨੂੰ ਸਾਬਤ ਕਰ ਰਿਹਾ ਹੈ।

## "ਅਗੈ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥"

ਸਿੱਖਾਂ ਵਲੋ ਭਾਰਤ ਅਤੇ ਪਾਕਿਸਤਾਨ ਵਿਚਕਾਰ ਛਿੜੇ ਜੰਗੀ ਅਤੇ ਨਫਰਤੀ ਮਜ਼੍ਹਬੀ ਟਕਰਾਅ ਵਿੱਚ ਕਿਸੇ ਇੱਕ ਦੀ ਧਿਰ ਬਣਨਾ ,ਬੈਗਾਨੀ ਬਰਾਤ ਵਿੱਚ ਭੰਗੜਾ ਪਾਉਣ ਦੇ ਤੁੱਲ ਹੋਵੇਗਾ ।ਦੋਹੇ ਹੁਕਮਰਾਨ ਤਾਕਤਾਂ ਕਦੇ ਵੀ ਸਿੱਖਾਂ ਦੀਆਂ ਮਿੱਤਰ ਨਹੀ ਰਹੀਆਂ ਹਨ ।ਪਰ ਇਹ ਸੱਚ ਹੈ ਕਿ ਦੋਹੇ ਖ਼ਿੱਤਿਆਂ ਵਿੱਚ ਵੱਸਣ ਵਾਲੀ ਲੋਕਾਈ ਨਾਲ ਸਾਡੀ ਸੱਭਿਆਚਾਰਿਕ ਅਤੇ ਭਾਈਚਾਰਕ ਸਾਂਝ ਦਾ ਇੱਕ ਲੰਬਾ ਇਤਿਹਾਸ ਹੈ ਅਤੇ ਸਿੱਖਾਂ ਨੇ ਬੀਤੇ ਵਿੱਚ ਇਹਨਾਂ ਦੋਹਾਂ ਹਮਸਾਇਆ ਪ੍ਰਤੀ ਆਪਣੇ ਨੈਤਿਕ ਫ਼ਰਜ਼ਾਂ ਦੀ ਪਾਲਣਾ ਹਿੰਦੂ ਅਤੇ ਮੁਸਲਿਮ ਭਾਈਚਾਰੇ ਤੋਂ ਕਿਤੇ ਵੱਧ ਕੀਤੀ ਹੈ ।1947 ਵਿੱਚ ਦੇਸ਼ ਦੀ ਵੰਡ ਮੌਕੇ ਇਹਨਾਂ ਦੋਹਾਂ ਕੌਮਾਂ ਨੇ ਸਿੱਖਾਂ ਦੇ ਤੀਜੀ ਧਿਰ ਵਾਲੇ ਦਾਅਵੇ ਦਾ ਇੱਕੋ ਜਿਹੇ ਫਿਰਕੂ ਅਤੇ ਈਰਖਾਲੂ ਇਰਾਦੇ ਨਾਲ ਵਿਰੋਧ ਕੀਤਾ ਸੀ ।ਦੇਸ਼ ਦੀ ਵੰਡ ਤੋਂ ਬਾਅਦ ਵੀ ਦੋਹੇ ਕੌਮਾਂ ਸਾਨੂੰ ਇੱਕ ਦੂਜੇ ਖਿਲਾਫ ਹੱਥਠੋਕਿਆਂ ਵਾਂਗ ਵਰਤਣ ਦੀ ਤਾਕ ਵਿੱਚ ਰਹਿੰਦੀਆਂ ਹਨ ।ਇਸ ਮੌਜੂਦਾ ਜੰਗੀ ਟਕਰਾਅ ਵਿੱਚ ਵੀ ਦੋਹੇ ਪਾਸੇ ਦੀਆਂ ਹਕੂਮਤਾਂ ਸਿੱਖਾਂ ਨੂੰ ਇਕ ਦੂਜੇ ਖਿਲਾਫ ਭੜਕਾਉਣ ਲਈ ਪ੍ਰਾਪੇਗੰਡੇ ਵਿੱਚ ਜੁੱਟੀਆਂ ਹੋਈਆਂ ਹਨ ।ਮੂਰਖ ਅਤੇ ਸਵਾਰਥੀ ਲੀਡਰਸ਼ਿਪ ਦੀ ਬਦੌਲਤ ਸਿੱਖ ਹਮੇਸ਼ਾ ਵਰਤੇ ਜਾਣ ਵਾਲੀ ਸਥਿਤੀ ਦਾ ਸ਼ਿਕਾਰ ਹੁੰਦੇ ਆਏ ਹਨ ਅਤੇ ਮੌਜੂਦਾ ਸਥਿਤੀ ਵਿੱਚ ਵੀ ਇਹੋ ਆਸਾਰ ਬਣੇ ਹੋਏ ਹਨ ।

ਮੌਜੂਦਾ ਸਮੇ ਏਸ਼ੀਆ ਦੇ ਇਸ ਖਿੱਤੇ ਦੇ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ ।ਦੁਨੀਆ ਦੀਆਂ ਵੱਡੀਆਂ ਰਾਜਸੀ ਤਾਕਤਾਂ ਇਹਨਾਂ ਬਦਲ ਰਹੀਆਂ ਸਥਿਤੀਆਂ ਵਿੱਚੋ ਆਪੋ-ਆਪਣੇ ਹਿੱਤਾਂ ਦੀ ਪੂਰਤੀ ਲਈ ਕਸਮਕਸ਼ ਕਰਦੀਆਂ ਦਿਖਾਈ ਦੇ ਰਹੀਆਂ ਹਨ ।ਹਿੰਦੂਸਤਾਨ ਅਤੇ ਭਾਰਤ ਦੀਆਂ ਅੰਦਰੂਨੀ ਸਥਿਤੀਆਂ ਉੱਪਰ ਨਜ਼ਰ ਰੱਖ ਰਹੇ ਸਿਆਸੀ ਮਾਹਿਰਾਂ ਦੀ ਰਾਏ ਹੈ ਕਿ ਇਹਨਾਂ ਦੋਹਾਂ ਦੇਸ਼ਾਂ ਦੇ ਬਾਰਡਰਾਂ ਵਿੱਚ ਤਬਦੀਲੀਆਂ ਦੇ ਆਸਾਰ ਨਜ਼ਰ ਆਉਂਦੇ ਹਨ ।ਭਵਿੱਖ ਵਿੱਚ ਇਸ ਖਿੱਤੇ ਵਿੱਚ ਹੋਣ ਵਾਲੀ ਸਿਆਸੀ ਅਤੇ ਭਗੋਲਿਕ ਤੋੜ ਭੰਨ ਵਿੱਚੋ ਸਿੱਖਾਂ ,ਕਸ਼ਮੀਰੀਆਂ ਅਤੇ ਬਲੋਚ ਭਾਈਚਾਰੇ ਦੀ ਰਾਜਸੀ ਹੋਣੀ ਨਿਸਚਿਤ ਹੋਣ ਦੀਆਂ ਸੰਭਾਵਨਾਵਾਂ ਉਤਪੰਨ ਹੋ ਸਕਦੀਆਂ ਹਨ ।ਪਰ ਇਤਿਹਾਸ ਗਵਾਹ ਹੈ ਕਿ ਸਿਆਸੀ ਸੂਝ-ਬੂਝ ਅਤੇ ਡਿਪਲੋਮੈਟਿਕ ਸਮਰਥਾ ਦੀ ਅਣਹੋਂਦ ਸਦਕਾ ਕਈ ਵਾਰ ਅਨੁਕੂਲ ਸਥਿਤੀਆਂ ਦੇ ਬਾਵਜੂਦ ਬਣੇ ਇਤਿਹਾਸਕ ਮੌਕੇ ਖੁੰਝ ਜਾਦੇ ਹਨ ।ਰਾਜਸੀ ਗੁਲਾਮੀ ਦੇ ਬਾਵਜੂਦ ਦੁਨੀਆ ਭਰ ਵਿੱਚ ਫੈਲਿਆ ਹੋਇਆ ਸਿੱਖ ਭਾਈਚਾਰਾ ਕਈ ਪੱਖਾਂ ਤੋ ਬਹੁਤ ਸਮਰੱਥ ਹੈ ।ਜੇਕਰ ਆਪਸੀ ਏਕੇ ਅਤੇ ਸੂਝਵਾਨ ਲੀਡਰਸ਼ਿਪ ਦੀ ਘਾਟ ਨੂੰ ਪੂਰਾ ਕਰ ਲਿਆ ਜਾਵੇ ਤਾਂ ਭਵਿੱਖ ਵਿੱਚ ਸਿੱਖਾਂ ਵਲੋ ਆਪਣੇ ਆਪ ਨੂੰ ਆਜ਼ਾਦਾਨਾ ਰਾਜਸੀ ਤਾਕਤ ਵਜੋ ਸਿਰਜਨ ਦੀਆਂ ਸੰਭਾਵਨਾਵਾਂ ਤੋ ਇਨਕਾਰੀ ਨਹੀ ਹੋਇਆ ਜਾ ਸਕਦਾ ।

**ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥**
**ਛਪੜਿ ਢੂਢੇ ਕਿਆ ਹੋਵੈ ਚਿਕੜਿ ਡੁਬੈ ਹਥੁ ॥**

**-ਅਮਰੀਕ ਸਿੰਘ ਮੁਕਤਸਰ**

## ਪਾਕਿਸਤਾਨ ਵੱਲੋਂ ਕਸ਼ਮੀਰ ਪੁੰਛ ਦੇ ਗੁਰੂ ਘਰ ਤੇ ਹਮਲਾ ਕਰਨਾ ਅਤਿ ਮੰਦਭਾਗਾ ਹੈ ਨੰਬਰਦਾਰ ਰਜਿੰਦਰ ਸਿੰਘ ਪੇਧਨੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸਮੀਰ ਦੇ ਪੁੰਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕਰਦਿਆਂ ਉੱਘੇ ਸਮਾਜ ਸੇਵੀ ਨੰਬਰਦਾਰ ਰਜਿੰਦਰ ਸਿੰਘ ਪੇਧਨੀ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁੰਛ ਵਿਖੇ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ, ਜਿਸ ਵਿੱਚ ਇੱਕ ਰਾਗੀ ਸਿੰਘ ਸਮੇਤ ਕਈ ਸਿੱਖ ਨੌਜਵਾਨ ਮਾਰੇ ਗਏ ਹਨ। ਇਸ ਦੌਰਾਨ ਪੁੰਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸਾਂ ਦੀਆਂ ਸਰਕਾਰਾਂ ਨੂੰ ਤੁਰੰਤ ਸਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੰਗ ਹਮੇਸਾ ਹੀ ਮਨੁੱਖਤਾ ਦਾ ਵੱਡਾ ਘਾਣ ਕਰਦੀ ਹੈ ਜਿਸ ਵਿੱਚ ਬੇਗੁਨਾਹ ਲੋਕ ਵੀ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਇਸ ਲਈ ਮੌਜੂਦਾ ਸਥਿਤੀ ਨੂੰ ਸਾਂਤੀਪੂਰਵਕ ਕਰਨ ਲਈ ਵੱਧ ਤੋਂ ਵੱਧ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸਾਂ ਨੇ 1947 ਤੋਂ ਲੈ ਕੇ ਹੁਣ ਤੱਕ ਆਪਸੀ ਕੁੜੱਤਣ ਕਾਰਨ ਵੱਡੇ ਨੁਕਸਾਨ ਝੱਲੇ ਹਨ, ਜਿਸ ਵਿੱਚ ਖਾਸਕਰ ਪੰਜਾਬ ਤੇ ਜੰਮੂ ਕਸਮੀਰ ਦੇ ਹਿੰਦੂ ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਮੌਕੇ ਉਹਨਾਂ ਦੇ ਨਾਲ ਡਿੰਪੀ ਕਲੇਰ ਪੇਧਨੀ ਮੈਂਬਰ ਪੰਚਾਇਤ ਹਾਜ਼ਰ ਸਨ।

### ਡੱਬਾ ਬੰਦ ਖਾਦ ਪਦਾਰਥਾਂ ਅਤੇ ਖੁੱਲ੍ਹੇ ਖਾਦ ਪਦਾਰਥਾਂ ਦੇ

# ਫਾਇਦੇ ਅਤੇ ਨੁਕਸਾਨ



**ਅੱਜ ਦੀ ਤੇਜ਼-ਤਰਾਰ** ਦੁਨੀਆ ਵਿੱਚ ਉਪਭੋਗਤਾ ਨੂੰ ਅਕਸਰ ਸੀਲ ਕੀਤੇ ਹੋਏ ਖਾਦ ਪਦਾਰਥਾਂ ਅਤੇ ਖੁੱਲ੍ਹੇ ਖਾਦ ਪਦਾਰਥਾਂ ਵਿਚਕਾਰ ਚੋਣ ਕਰਨ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਇਕ ਵਿਕਲਪ ਦੇ ਆਪਣੇ ਫਾਇਦੇ ਅਤੇ ਨੁਕਸਾਨ ਹੁੰਦੇ ਹਨ ਜੋ ਸੁਵਿਧਾ, ਸੁਰੱਖਿਆ, ਤਾਜਗੀ ਅਤੇ ਵਾਤਾਵਰਣੀ ਵਿਚਾਰਾਂ ਵਰਗੇ ਕਾਰਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਲੇਖ ਸੀਲ ਕੀਤੇ ਹੋਏ ਅਤੇ ਖੁੱਲ੍ਹੇ ਖਾਦ ਪਦਾਰਥਾਂ ਦੇ ਫਾਇਦੇ ਅਤੇ ਨੁਕਸਾਨ ਦੀ ਜਾਂਚ ਕਰਦਾ ਹੈ ਤਾਂ ਜੋ ਉਪਭੋਗਤਾ ਜਾਣੂ ਫੈਸਲੇ ਲੈ ਸਕਣ।

**ਸੀਲ ਕੀਤੇ ਹੋਏ ਖਾਦ ਪਦਾਰਥ**

**ਫਾਇਦੇ:** 1. ਲੰਬੀ ਸ਼ੈਲਫ਼ ਲਾਈਫ: ਸੀਲ ਕੀਤੇ ਹੋਏ ਖਾਦ ਪਦਾਰਥ ਆਮ ਤੌਰ 'ਤੇ ਏਅਰਟਾਈਟ ਕੰਟੇਨਰਾਂ ਵਿੱਚ ਪੈਕ ਕੀਤੇ ਜਾਂਦੇ ਹਨ, ਜੋ ਤਾਜਗੀ ਨੂੰ ਬਚਾਉਣ ਅਤੇ ਸ਼ੈਲਫ਼ ਲਾਈਫ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਇਸ ਨਾਲ ਖਾਦ ਦੀ ਬਰਬਾਦੀ ਘੱਟ ਹੁੰਦੀ ਹੈ ਅਤੇ ਉਪਭੋਗਤਾ ਲੰਬੇ ਸਮੇਂ ਤੱਕ ਬਿਨਾਂ ਖਰਾਬ ਹੋਏ ਖਾਦ ਪਦਾਰਥਾਂ ਨੂੰ ਸਟੋਰ ਕਰ ਸਕਦੇ ਹਨ।

2. **ਸੁਰੱਖਿਆ ਅਤੇ ਸਫਾਈ:** ਸੀਲ ਪੈਕੇਜਿੰਗ ਖਾਦ ਪਦਾਰਥਾਂ ਨੂੰ ਬੈਕਟੀਰੀਆ, ਕੀੜਿਆਂ ਅਤੇ ਵਾਤਾਵਰਣੀ ਕਾਰਕਾਂ ਤੋਂ ਹੋਣ ਵਾਲੇ ਸੰਕ੍ਰਮਣ ਤੋਂ ਬਚਾਉਂਦੀ ਹੈ। ਇਸ ਨਾਲ ਸੀਲ ਕੀਤੇ ਹੋਏ ਵਸਤੂਆਂ ਨੂੰ ਖਾਣ ਲਈ ਆਮ ਤੌਰ 'ਤੇ ਸੁਰੱਖਿਅਤ ਬਣਾਉਂਦਾ ਹੈ, ਖਾਸ ਕਰਕੇ ਨਾਸ਼ਵਾਨ ਵਸਤੂਆਂ ਲਈ।

ਆਵਾਜ਼ਿ ਕੌਮ AWAZE QAUM International Newspaper & WEB TV

3. **ਸੁਵਿਧਾ:** ਬਹੁਤ ਸਾਰੇ ਸੀਲ ਕੀਤੇ ਹੋਏ ਖਾਦ ਪਦਾਰਥ ਤਿਆਰ ਖਾਣੇ ਜਾਂ ਆਸਾਨ ਤਿਆਰੀ ਵਾਲੇ ਫਾਰਮੈਟ ਵਿੱਚ ਆਉਂਦੇ ਹਨ। ਇਹ ਸੁਵਿਧਾ ਵਿਅਸਤ ਉਪਭੋਗਤਾਵਾਂ ਲਈ ਤੇਜ਼ ਖਾਣੇ ਦੇ ਹੱਲ ਦੀ ਤਲਾਸ਼ ਵਿੱਚ ਆਕਰਸ਼ਕ ਹੁੰਦੀ ਹੈ।

4. **ਪੋਰਸ਼ਨ ਕੰਟਰੋਲ:** ਸੀਲ ਪੈਕੇਜ ਆਮ ਤੌਰ 'ਤੇ ਪਹਿਲਾਂ ਹੀ ਨਾਪੇ ਗਏ ਹਿੱਸਿਆਂ ਵਿੱਚ ਆਉਂਦੇ ਹਨ, ਜਿਸ ਨਾਲ ਉਪਭੋਗਤਾਵਾਂ ਲਈ ਸਰਵਿੰਗ ਸਾਈਜ਼ ਨੂੰ ਕੰਟਰੋਲ ਕਰਨਾ ਅਤੇ ਆਪਣੇ ਆਹਾਰ ਦਾ ਪ੍ਰਬੰਧਨ ਕਰਨਾ ਆਸਾਨ ਹੋ ਜਾਂਦਾ ਹੈ।

5. **ਪੋਸ਼ਣ ਸੰਬੰਧੀ ਜਾਣਕਾਰੀ:** ਸੀਲ ਕੀਤੇ ਹੋਏ ਖਾਦ ਪਦਾਰਥ ਆਮ ਤੌਰ 'ਤੇ ਲੇਬਲ 'ਤੇ ਪੋਸ਼ਣ ਸੰਬੰਧੀ ਜਾਣਕਾਰੀ, ਸਮੱਗਰੀ ਅਤੇ ਸਮਾਪਤੀ ਦੀਆਂ ਮਿਤੀਆਂ ਸ਼ਾਮਿਲ ਕਰਦੇ ਹਨ, ਜਿਸ ਨਾਲ ਉਪਭੋਗਤਾਵਾਂ ਨੂੰ ਆਪਣੇ ਆਹਾਰ ਬਾਰੇ ਜਾਣੂ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ।

**ਨੁਕਸਾਨ:**

1. ਵਾਤਾਵਰਣੀ ਪ੍ਰਭਾਵ: ਸੀਲ ਕੀਤੇ ਹੋਏ ਖਾਦ ਪਦਾਰਥਾਂ ਲਈ ਵਰਤੀ ਜਾਣ ਵਾਲੀ ਪੈਕੇਜਿੰਗ ਪਲਾਸਟਿਕ ਕਚਰੇ ਅਤੇ ਵਾਤਾਵਰਣੀ ਪ੍ਰਦੂਸ਼ਣ ਵਿੱਚ ਮਹੱਤਵਪੂਰਕ ਯੋਗਦਾਨ ਕਰ ਸਕਦੀ ਹੈ। ਕਈ ਉਪਭੋਗਤਾ ਪੈਕ ਕੀਤੇ ਖਾਦ ਪਦਾਰਥਾਂ ਦੇ ਪਰਸਥਿਤਕੀ ਪ੍ਰਭਾਵਾਂ ਦੇ ਬਾਰੇ ਚਿੰਤਿਤ ਹਨ।

2. **ਲਾਗਤ:** ਸੀਲ ਕੀਤੇ ਹੋਏ ਖਾਦ ਪਦਾਰਥ ਖੁੱਲ੍ਹੇ ਵਿਕਲਪਾਂ ਦੀ ਤੁਲਨਾ ਵਿੱਚ ਜ਼ਿਆਦਾ ਮਹਿੰਗੇ ਹੋ ਸਕਦੇ ਹਨ, ਕਿਉਂਕਿ ਇਸ ਵਿੱਚ ਪੈਕੇਜਿੰਗ ਅਤੇ ਪ੍ਰੋਸੈਸਿੰਗ ਦੀ ਲਾਗਤ ਹੁੰਦੀ ਹੈ। ਇਹ ਬਜਟ-ਸਚੇਤ ਉਪਭੋਗਤਾਵਾਂ 'ਤੇ ਪ੍ਰਭਾਵ ਪਾ ਸਕਦਾ ਹੈ।

3. ਸੀਮਿਤ ਵਿਰੋਧਤਾ: ਕੁਝ ਸੀਲ ਕੀਤੇ ਹੋਏ ਖਾਦ ਵਿਕਲਪ ਤਾਜ਼ਾ ਉਤਪਾਦਾਂ ਜਾਂ ਵਿਸ਼ੇਸ਼ ਖਾਦ ਪਦਾਰਥਾਂ ਦੀ ਤੁਲਨਾ ਵਿੱਚ ਸੀਮਿਤ ਵਿਰੋਧਤਾ ਪ੍ਰਦਾਨ ਕਰ ਸਕਦੇ ਹਨ।

4. ਰਸਾਇਣਿਕ ਯੋਜਕ: ਕੁਝ ਸੀਲ ਕੀਤੇ ਹੋਏ ਖਾਦ ਪਦਾਰਥਾਂ ਵਿੱਚ ਸ਼ੈਲਫ਼ ਲਾਈਫ ਜਾਂ ਸਵਾਦ ਨੂੰ ਵਧਾਉਣ ਲਈ ਸੰਰਖਕ ਜਾਂ ਯੋਜਕ ਹੋ ਸਕਦੇ ਹਨ, ਜੋ ਸਿਹਤ-ਸਚੇਤ ਉਪਭੋਗਤਾਵਾਂ ਲਈ ਮਨਪਸੰਦ ਨਹੀਂ ਹੋ ਸਕਦੇ।

**ਖੁੱਲ੍ਹੇ ਖਾਦ ਪਦਾਰਥ**

**ਫਾਇਦੇ:**

1. **ਤਾਜਗੀ:** ਖੁੱਲ੍ਹੇ ਖਾਦ ਪਦਾਰਥ ਖਾਸ ਕਰਕੇ ਤਾਜ਼ਾ ਉਤਪਾਦ, ਅਕਸਰ ਸਿੱਧੇ ਸਥਾਨਕ ਬਾਜ਼ਾਰਾਂ ਜਾਂ ਖੇਤਾਂ ਤੋਂ ਪ੍ਰਾਪਤ ਹੁੰਦੇ ਹਨ, ਜਿਸ ਨਾਲ ਕੁਝ ਸੀਲ ਕੀਤੇ ਹੋਏ ਵਿਕਲਪਾਂ ਦੀ ਤੁਲਨਾ ਵਿੱਚ ਬਿਹਤਰ ਤਾਜਗੀ ਅਤੇ ਸਵਾਦ ਮਿਲਦਾ ਹੈ।

2. **ਲਾਗਤ-ਕੁਸ਼ਲਤਾ:** ਖੁੱਲ੍ਹੇ ਖਾਦ ਪਦਾਰਥ ਖਰੀਦਣਾ ਜ਼ਿਆਦਾ ਆਰਥਿਕ ਹੋ ਸਕਦਾ ਹੈ ਕਿਉਂਕਿ ਇਹ ਆਮ ਤੌਰ 'ਤੇ ਪੈਕੇਜਿੰਗ ਦੀ ਵਾਧੂ ਲਾਗਤ ਦੇ ਬਿਨਾ ਆਉਂਦੇ ਹਨ। ਉਪਭੋਗਤਾ ਥੋਕ ਵਿੱਚ ਖਰੀਦ ਸਕਦੇ ਹਨ ਜਾਂ ਕੇਵਲ ਉਹੀ ਲੈ ਸਕਦੇ ਹਨ ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਹੈ, ਜਿਸ ਨਾਲ ਬਰਬਾਦੀ ਘੱਟ ਹੁੰਦੀ ਹੈ।

3. **ਵਿਰੋਧਤਾ ਅਤੇ ਅਨੁਕੂਲਤਾ:** ਖੁੱਲ੍ਹੇ ਖਾਦ ਪਦਾਰਥ ਵਿਕਲਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦੇ ਹਨ, ਜਿਸ ਨਾਲ ਉਪਭੋਗਤਾਵਾਂ ਨੂੰ ਆਪਣੀ ਪਸੰਦ ਦੇ ਅਨੁਸਾਰ ਵਿਸ਼ੇਸ਼ ਕਿਸਮ ਜਾਂ ਮਾਤਰਾ ਚੁਣਨ ਦੀ ਆਗਿਆ ਮਿਲਦੀ ਹੈ। ਇਹ ਵਿਸ਼ੇਸ਼ ਕਰਕੇ ਮਸਾਲਿਆਂ, ਅਨਾਜ ਅਤੇ ਥੋਕ ਵਸਤੂਆਂ ਲਈ ਸੱਚ ਹੈ।

4. **ਘੱਟ ਵਾਤਾਵਰਣੀ ਪ੍ਰਭਾਵ:** ਖੁੱਲ੍ਹੇ ਖਾਦ ਪਦਾਰਥ ਖਰੀਦਣਾ ਪੈਕੇਜਿੰਗ ਕਚਰੇ ਨੂੰ ਘੱਟ ਕਰਦਾ ਹੈ ਅਤੇ ਇਹ ਆਮ ਤੌਰ 'ਤੇ ਜ਼ਿਆਦਾ ਵਾਤਾਵਰਣ-ਅਨੁਕੂਲ ਹੁੰਦਾ ਹੈ, ਜੋ ਪਰਸਥਿਤਿਕੀ ਦੇ ਪ੍ਰਤੀ ਜਾਗਰੂਕ ਉਪਭੋਗਤਾਵਾਂ ਨੂੰ ਆਕਰਸ਼ਿਤ ਕਰਦਾ ਹੈ।

**ਨੁਕਸਾਨ:**

1. **ਘੱਟ ਸ਼ੈਲਫ਼ ਲਾਈਫ:** ਖੁੱਲ੍ਹੇ ਖਾਦ ਪਦਾਰਥ ਆਮ ਤੌਰ 'ਤੇ ਸੀਲ ਕੀਤੇ ਹੋਏ ਉਤਪਾਦਾਂ ਦੀ ਤੁਲਨਾ ਵਿੱਚ ਘੱਟ ਸ਼ੈਲਫ਼ ਲਾਈਫ ਰੱਖਦੇ ਹਨ, ਜਿਸ ਨਾਲ ਜੇ ਜਲਦੀ ਨਹੀਂ ਖਾਧਾ ਗਿਆ ਤਾਂ ਜਲਦੀ ਖਰਾਬ ਹੋਣ ਦੀ ਸੰਭਾਵਨਾ ਹੁੰਦੀ ਹੈ।

2. **ਸਫਾਈ ਸੰਬੰਧੀ ਚਿੰਤਾਵਾਂ:** ਖੁੱਲ੍ਹੇ ਖਾਦ ਪਦਾਰਥ ਸੰਭਾਲਣ, ਕੀੜਿਆਂ ਜਾਂ ਵਾਤਾਵਰਣੀ ਤੱਤਾਂ ਦੇ ਸੰਪਰਕ ਵਿੱਚ ਆਉਣ ਕਾਰਨ ਸੰਕ੍ਰਮਣ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋ ਸਕਦੇ ਹਨ, ਜੋ ਸੰਭਾਵਿਤ ਸਿਹਤ ਜੋਖਮ ਪੈਦਾ ਕਰ ਸਕਦੇ ਹਨ।

3. **ਸੀਮਿਤ ਪੋਸ਼ਣ ਸੰਬੰਧੀ ਜਾਣਕਾਰੀ:** ਖੁੱਲ੍ਹੇ ਆਈਟਮ ਅਕਸਰ ਵਿਸ਼ਿਤ੍ਰਤ ਲੇਬਲਿੰਗ ਦੀ ਕਮੀ ਰੱਖਦੇ ਹਨ, ਜਿਸ ਨਾਲ ਉਪਭੋਗਤਾਵਾਂ ਲਈ ਪੋਸ਼ਣ ਸੰਬੰਧੀ ਸਮੱਗਰੀ ਜਾਂ ਸਮੱਗਰੀ ਦੇ ਸਰੋਤ ਨੂੰ ਟ੍ਰੈਕ ਕਰਨਾ ਮੁਸ਼ਿਕਲ ਹੋ ਜਾਂਦਾ ਹੈ।

4. **ਅਸੁਵਿਧਾ:** ਖੁੱਲ੍ਹੇ ਖਾਦ ਪਦਾਰਥ ਖਰੀਦਣਾ ਜ਼ਿਆਦਾ ਸਮਾਂ ਅਤੇ ਕੋਸ਼ਿਸ਼ ਲੈ ਸਕਦਾ ਹੈ, ਕਿਉਂਕਿ ਉਪਭੋਗਤਾਵਾਂ ਨੂੰ ਆਪਣੀ ਪਸੰਦ ਨੂੰ ਮਾਪਣਾ ਜਾਂ ਤੋਲਣਾ ਪੈਂਦਾ ਹੈ ਅਤੇ ਭਾਰ ਦੇ ਅਧਾਰ 'ਤੇ ਕੀਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੀਲ ਕੀਤੇ ਹੋਏ ਅਤੇ ਖੁੱਲ੍ਹੇ ਖਾਦ ਪਦਾਰਥ ਦੋਹਾਂ ਦੇ ਆਪਣੇ ਅਨੂਠੇ ਫਾਇਦੇ ਅਤੇ ਨੁਕਸਾਨ ਹੁੰਦੇ ਹਨ। ਸੀਲ ਕੀਤੇ ਹੋਏ ਖਾਦ ਪਦਾਰਥ ਸੁਵਿਧਾ, ਸੁਰੱਖਿਆ ਅਤੇ ਲੰਬੀ ਸ਼ੈਲਫ਼ ਲਾਈਫ ਪ੍ਰਦਾਨ ਕਰਦੇ ਹਨ, ਜਦੋਂ ਕਿ ਖੁੱਲ੍ਹੇ ਖਾਦ ਪਦਾਰਥ ਤਾਜਗੀ, ਲਾਗਤ-ਕੁਸ਼ਲਤਾ ਅਤੇ ਘੱਟ ਵਾਤਾਵਰਣੀ ਪ੍ਰਭਾਵ ਪ੍ਰਦਾਨ ਕਰਦੇ ਹਨ। ਅੰਤ ਵਿੱਚ, ਸੀਲ ਕੀਤੇ ਹੋਏ ਅਤੇ ਖੁੱਲ੍ਹੇ ਖਾਦ ਪਦਾਰਥਾਂ ਵਿਚਕਾਰ ਚੋਣ ਵਿਅਕਤੀਗਤ ਪਹਿਲੂਆਂ, ਆਹਾਰ ਸੰਬੰਧੀ ਜ਼ਰੂਰਤਾਂ, ਬਜਟ ਵਿਚਾਰਾਂ ਅਤੇ ਸਥਿਰਤਾ ਨਾਲ ਸੰਬੰਧਿਤ ਮੁੱਲਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਕਾਰਕਾਂ ਦਾ ਭਾਰ ਕਰਨ ਦੁਆਰਾ, ਉਪਭੋਗਤਾ ਐਸੇ ਫੈਸਲੇ ਲੈ ਸਕਦੇ ਹਨ ਜੋ ਉਨ੍ਹਾਂ ਦੇ ਜੀਵਨ ਸ਼ੈਲੀ ਲਈ ਸਭ ਤੋਂ ਉਚਿਤ ਹੋਣ।

**-ਸੁਰਿੰਦਰਪਾਲ ਸਿੰਘ, ਸ੍ਰੀ ਅਮ੍ਰਿਤਸਰ ਸਾਹਿਬ।**

### ਅਕਾਲ ਯੂਨੀਵਰਸਿਟੀ ਨੇ ਚਾਰਟਰਡ ਅਕਾਊਂਟੈਂਸੀ 'ਤੇ ਕਰਵਾਇਆ ਮਾਹਿਰ ਸੈਸ਼ਨ

# ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਨਵੀਨਤਾਕਾਰੀ ਉਤਪਾਦ ਕੀਤੇ ਲਾਂਚ





**ਤਲਵੰਡੀ ਸਾਬੋ, 9 ਮਈ (ਗੁਰਜੰਟ ਸਿੰਘ ਨਥੇਹਾ)**-ਅਕਾਲ ਯੂਨੀਵਰਸਿਟੀ ਵਿਖੇ ਵਜੋ 'ਚਾਰਟਰਡ ਅਕਾਊਂਟੈਂਸੀ: ਵਿਭਿੰਨ ਅਤੇ ਪ੍ਰਭਾਵਸ਼ਾਲੀ ਕਰੀਅਰਾਂ ਦਾ ਗੇਟਵੇ' ਵਿਸ਼ੇ 'ਤੇ ਇੱਕ ਗਿਆਨ ਭਰਪੂਰ ਮਾਹਿਰ ਸੈਸ਼ਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ ਦੇ ਮਾਨਯੋਗ ਪ੍ਰਧਾਨ ਸੀਏ ਚਰਨਜੋਤ ਸਿੰਘ ਨੰਦਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਹ ਸੈਸ਼ਨ ਮਾਨਯੋਗ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ, ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਜੀ. ਐਸ. ਲਾਂਬਾ, ਅਤੇ ਅਕਾਲ ਇਨਕਿਊਬੇਸ਼ਨ ਸੈਂਟਰ ਦੇ ਮੁੱਖ ਸਲਾਹਕਾਰ ਸ੍ਰੀ ਜਤਿੰਦਰ ਸਿੰਘ ਰਾਜਪੂਤ ਦੀ ਹਾਜ਼ਰੀ ਵਿੱਚ ਸ਼ੁਰੂ ਹੋਇਆ। ਸ੍ਰੀ ਨੰਦਾ ਨੇ ਚਾਰਟਰਡ ਅਕਾਊਂਟੈਂਸੀ ਦੇ ਕਿੱਤੇ ਬਾਰੇ ਕੀਮਤੀ ਜਾਣਕਾਰੀ ਸਾਂਝੀ ਕਰਦਿਆਂ ਆਈਸੀਏਆਈ ਦੇ ਗਤੀਸ਼ੀਲ ਵਿਕਾਸ ਅਤੇ ਇਸ ਦੁਆਰਾ ਪੇਸ਼ ਕੀਤੇ ਜਾਂਦੇ ਵਿਸ਼ਾਲ ਕਰੀਅਰ ਦੇ ਮੌਕਿਆਂ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਉਤਸ਼ਾਹੀ ਸੀਏ ਵਿਦਿਆਰਥੀਆਂ ਨਾਲ ਇੱਕ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਵਿੱਚ ਵੀ ਹਿੱਸਾ ਲਿਆ, ਉਨ੍ਹਾਂ ਦੇ ਕਰੀਅਰ ਮਾਰਗਾਂ ਬਾਰੇ ਮਾਰਗਦਰਸ਼ਨ ਕੀਤਾ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕੀਤਾ। ਸੈਸ਼ਨ ਤੋਂ ਬਾਅਦ, ਅਕਾਲ ਇਨਕਿਊਬੇਸ਼ਨ ਸੈਂਟਰ ਨੇ ਮਾਣ ਨਾਲ ਆਪਣੇ ਪਹਿਲੇ ਦੋ ਨਵੀਨਤਾਕਾਰੀ ਵਿਦਿਆਰਥੀ-ਵਿਕਸਤ ਉਤਪਾਦ ਲਾਂਚ ਕੀਤੇ: ਸਨੱਗਸਾਖੀ ਅਤੇ ਖਾਓਵੇਅਰ। ਸਨੱਗਸਾਖੀ ਇੱਕ ਉਪਚਾਰਕ ਪਲੱਸ਼ੀ ਹੈ ਜੋ ਮਾਹਵਾਰੀ ਦੌਰਾਨ ਔਰਤਾਂ ਨੂੰ ਆਰਾਮ ਦੇਣ ਲਈ ਤਿਆਰ ਕੀਤਾ ਗਿਆ ਹੈ। ਇਹ ਇੱਕ ਯਾਤਰਾ-ਅਨੁਕੂਲ, ਰੀਚਾਰਜ ਹੋਣ ਯੋਗ ਰੂਪ ਵਿੱਚ ਗਰਮੀ ਅਤੇ ਵਾਈਬ੍ਰੇਸ਼ਨ ਨੂੰ ਜੋੜ ਕੇ ਇੱਕ-ਵਿੱਚ-ਸਭ ਹੱਲ ਪ੍ਰਦਾਨ ਕਰਕੇ ਰਵਾਇਤੀ ਉਪਚਾਰਾਂ ਦੀਆਂ ਕਮੀਆਂ ਨੂੰ ਦੂਰ ਕਰਦਾ ਹੈ। ਉਤਪਾਦ ਭਾਵਨਾਤਮਕ ਅਤੇ ਸਰੀਰਕ ਆਰਾਮ 'ਤੇ ਜ਼ੋਰ ਦਿੰਦਾ ਹੈ, ਜਿਸਦਾ ਥੀਮ ਹੈ "ਤੁਹਾਡੇ ਮੁਸ਼ਕਲ ਦਿਨਾਂ ਲਈ ਨਿੱਘੀ ਜੱਫੀ।" ਇਸ ਸੰਕਲਪ ਦੀ ਸ਼ੁਰੂਆਤ ਮਿਸ ਰਾਜਵੀਰ ਕੌਰ ਅਤੇ ਸ੍ਰੀ ਪੁਨੀਤ ਸਿੰਗਲਾ ਦੁਆਰਾ ਕੀਤੀ ਗਈ ਸੀ, ਅਤੇ ਇਸ ਉਤਪਾਦ ਨੂੰ ਸ੍ਰੀ ਜਤਿੰਦਰ ਸਿੰਘ ਰਾਜਪੂਤ ਦੀ ਮੈਂਟਰਸ਼ਿਪ ਅਧੀਨ ਮਿਸ ਚਿਤ੍ਰਾਕਸ਼ੀ ਦੁਆਰਾ ਪੇਸ਼ ਕੀਤਾ ਗਿਆ ਸੀ। ਦੂਜਾ ਉਤਪਾਦ, ਖਾਓਵੇਅਰ, ਖਾਣ ਯੋਗ ਕਟਲਰੀ ਦਾ ਇੱਕ ਕ੍ਰਾਂਤੀਕਾਰੀ ਰੂਪ ਪੇਸ਼ ਕਰਦਾ ਹੈ ਜੋ ਮੌਜੂਦਾ ਵਿਕਲਪਾਂ ਨਾਲੋਂ ਵਧੇਰੇ ਸਵਾਦ, ਮਜ਼ਬੂਤ, ਵਾਤਾਵਰਣ-ਅਨੁਕੂਲ ਅਤੇ ਕਿਫਾਇਤੀ ਹੈ। ਅੱਠ ਸੁਆਦਾਂ ਵਿੱਚ ਵਿਕਸਤ ਕੀਤਾ ਗਿਆ, ਇਹ ਕਾਰਜਸ਼ੀਲਤਾ ਨੂੰ ਟਿਕਾਊਤਾ ਨਾਲ ਜੋੜਦਾ ਹੈ। ਇਸ ਵਿਚਾਰ, ਜਿਸਦਾ ਥੀਮ ਹੈ "ਸਿਰਫ਼ ਟੇਬਲਵੇਅਰ ਹੀ ਨਹੀਂ, ਇਹ ਖਾਓਵੇਅਰ ਹੈ, ਇਸਨੂੰ ਫੜੋ, ਵਰਤੋ ਅਤੇ ਚਬਾਓ," ਨੂੰ ਮਿਸ ਨਵਨੀਤ ਗਿੱਲ ਦੁਆਰਾ ਸ਼੍ਰੀਮਤੀ ਰਿੰਕੂ ਰਾਜਪੂਤ ਦੀ ਮੈਂਟਰਸ਼ਿਪ ਅਧੀਨ ਪੇਸ਼ ਅਤੇ ਵਿਕਸਤ ਕੀਤਾ ਗਿਆ ਸੀ। ਇਸ ਸਮਾਗਮ ਨੇ ਅਕਾਲ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ, ਨਵੀਨਤਾ ਅਤੇ ਵਿਦਿਆਰਥੀ ਉੱਦਮਤਾ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਬਠਿੰਡਾ ਦੇ ਦੋ ਹੋਰ ਪਿੰਡਾਂ 'ਚ ਮਿਲੇ ਮਿਜ਼ਾਇਲਾਂ ਦੇ ਟੁਕੜੇ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਡਵਾਈਜ਼ਰੀ ਜਾਰੀ



**ਤਲਵੰਡੀ ਸਾਬੋ, ਬਠਿੰਡਾ (ਗੁਰਜੰਟ ਸਿੰਘ ਨਥੇਹਾ)**- ਪਹਿਲਗਾਮ ਹਮਲੇ ਤੋਂ ਬਾਅਦ ਲਗਾਤਾਰ ਵਧਦੇ ਤਣਾਅ ਦੇ ਚੱਲਦਿਆਂ ਬੀਤੀ ਰਾਤ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਭਾਰਤ ਉਪਰ ਕੀਤੇ ਹਮਲਿਆਂ ਨੂੰ ਜਿੱਥੇ ਭਾਰਤੀ ਫ਼ੌਜ ਨੇ ਹਵਾ ਦੇ ਵਿਚ ਹੀ ਤਬਾਹ ਕਰਕੇ ਆਪਣੀ ਬਹਾਦਰੀ ਦਾ ਪ੍ਰਗਟਾਵਾ ਕੀਤਾ ਹੈ, ਉਥੇ ਇਨ੍ਹਾਂ ਹਮਲਿਆਂ ਵਿਚ ਤਬਾਹ ਹੋਈਆਂ ਪਾਕਿਸਤਾਨੀਆਂ ਮਿਜ਼ਾਇਲਾਂ ਦੇ ਟੁਕੜੇ ਹਾਲੇ ਵੀ ਬਠਿੰਡਾ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਵਿਚੋਂ ਮਿਲਣੇ ਜਾਰੀ ਹਨ। ਰਾਤ ਕਰੀਬ ਪੌਣੇ 11 ਵਜੋਂ ਹੋਏ ਇਸ ਹਮਲੇ ਤੋਂ ਬਾਅਦ ਜ਼ਿਲ੍ਹੇ ਦੇ ਲੋਕਾਂ ਪੂਰੀ ਤਰ੍ਹਾਂ ਐਕਟਿਵ ਰਹੇ ਅਤੇ ਸਵੇਰ ਸਮੇਂ ਪਤਾ ਲੱਗਿਆ ਕਿ ਹਵਾ ਵਿਚ ਭਾਰਤੀ ਫ਼ੌਜਾਂ ਵੱਲੋਂ ਤਬਾਹ ਕੀਤੇ ਦੁਸਮਣ ਦੇਸ ਦੇ ਮਿਜਾਇਲ ਆਦਿ ਦੇ ਟੁਕੜੇ ਬਠਿੰਡਾ ਦੀ ਬੀੜ ਤਲਾਬ ਬਸਤੀ ਨੰਬਰ 4 ਅਤੇ ਪਿੰਡ ਤੂੰਗਵਾਲੀ ਵਿਚੋਂ ਮਿਲੇ ਹਨ। ਪ੍ਰੰਤੂ ਦੁਪਿਹਰ ਹੁੰਦੇ ਹੁੰਦੇ ਹੀ ਜ਼ਿਲ੍ਹੇ ਦੇ ਦੋ ਹੋਰ ਪਿੰਡਾਂ ਬੱਲੂਆਣਾ ਅਤੇ ਬੁਰਜ਼ ਵਿਚ ਵੀ ਅਜਿਹੇ ਟੁਕੜੇ ਪਾਏ ਗਏ। ਪਿੰਡ ਬੁਰਜ ਦੇ ਵਾਸੀ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਨੇ ਦਸਿਆ ਕਿ ਰਾਤ ਕਰੀਬ ਪੌਣੇ 11 ਵਜੋਂ ਤਿੰਨ ਧਮਾਕੇ ਸੁਣਨ ਨੂੰ ਮਿਲੇ ਸਨ ਅਤੇ ਸਵੇਰ ਸਮੇਂ ਪਤਾ ਲੱਗਿਆ ਕਿ ਖੇਤਾਂ ਵਿਚ ਮਿਜਾਇਲ ਦੇ ਟੁਕੜੇ ਪਏ ਹੋਏ ਹਨ। ਇਸਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਮਿਲਣ ਤੋਂ ਬਾਅਦ ਫ਼ੌਜ ਅਤੇ ਪੁਲਿਸ ਵੱਲੋਂ ਇਲਾਕੇ ਦੀ ਘੇਰਾਬੰਦੀ ਕਰਕੇ ਜਾਂਚ ਕੀਤੀ ਗਈ ਅਤੇ ਬਰਾਮਦ ਟੁਕੜਿਆਂ ਨੂੰ ਆਪਣੇ ਕੋਲ ਸੁਰੱਖਿਅਤ ਰੱਖ ਲਿਆ ਗਿਆ। ਦਸਣਾ ਬਣਦਾ ਹੈਕਿ ਬਠਿੰਡਾ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਫ਼ੌਜੀ ਛਾਉਣੀ, ਏਅਰ ਫ਼ੋਰਸ ਸਟੇਸ਼ਨ, ਸਿਵਲ ਏਅਰਪੋਰਟ, ਵੱਡਾ ਰੇਲ ਜੰਕਸ਼ਨ, ਤੇਲ ਸੋਧਕ ਕਾਰਖ਼ਾਨਾ ਅਤੇ ਆਸਪਾਸ ਤੇਲ ਦੇ ਡਿਪੂ ਹੋਣ ਤੋਂ ਇਲਾਵਾ ਰਾਸ਼ਟਰੀ ਖਾਦ ਕਾਰਖ਼ਾਨੇ ਸਹਿਤ ਹੋਰ ਕਈ ਵੱਡੇ ਉਦਯੋਗਿਕ ਸੰਸਸਥਾਨ ਹਨ, ਜਿਸਦੇ ਕਾਰਨ ਇਹ ਇਲਾਕਾ ਹਮੇਸ਼ਾ ਦੁਸਮਣ ਦੇ ਨਿਸ਼ਾਨੇ 'ਤੇ ਰਿਹਾ। ਸਾਹਮਣੇ ਆਈਆਂ ਰੀਪੋਰਟਾਂ ਮੁਤਾਬਕ 7-8 ਮਈ ਨੂੰ ਵੀ ਬਠਿੰਡਾ ਨੂੰ ਸਾਹਮਣੇ ਰੱਖ ਕੇ ਹਮਲੇ ਕੀਤੇ ਗਏ ਸਨ ਪ੍ਰੰਤੂ ਭਾਰਤੀ ਫ਼ੌਜਾਂ ਨੇ ਇਸਨੂੰ ਰਾਸਤੇ ਵਿਚ ਹਵਾ 'ਚ ਖ਼ਤਮ ਕਰ ਦਿੱਤਾ ਸੀ। ਇਸੇ ਤਰ੍ਹਾਂ 8-9 ਮਈ ਦੀ ਰਾਤ ਨੂੰ ਵੀ ਅਜਿਹੇ ਹਮਲੇ ਹੋਏ, ਜਿੰਨ੍ਹਾਂ ਨੂੰ ਭਾਰਤੀ ਫ਼ੌਜ ਨੇ ਮੁੜ ਬੇਅਸਰ ਕਰ ਦਿੱਤਾ। ਉਧਰ, ਜਿਲ੍ਹਾ ਪ੍ਰਸ਼ਾਸਨ ਨੇ ਮੀਡੀਆ ਕਰਮਚਾਰੀਆਂ ਸਮੇਤ ਸਾਰੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣਪਛਾਤੀ ਵਸਤੂ ਜਾਂ ਉਨ੍ਹਾਂ ਦੇ ਟੁਕੜਿਆਂ ਤੋਂ ਦੂਰ ਰਹਿਣ। ਅਜਿਹੀਆਂ ਵਸਤੂਆਂ ਤੋਂ ਲਗਭਗ 100 ਮੀਟਰ ਦੀ ਸਪਸ਼ਟ ਦੂਰੀ ਯਕੀਨੀ ਬਣਾਈ ਜਾਵੇ। ਜ਼ਿਲ੍ਹਾ ਮੈਜਿਸਟਰੇਟ ਮੁਤਾਬਕ ਹਥਿਆਰਬੰਦ ਬਲਾਂ ਅਤੇ ਰਾਜ ਪ੍ਰਸ਼ਾਸਨ ਦੀਆਂ ਸਾਂਝੀਆਂ ਟੀਮਾਂ ਵੱਖ-ਵੱਖ ਖੇਤਰਾਂ ਦਾ ਦੌਰਾ ਕਰ ਰਹੀਆਂ ਹਨ। ਬੇਲੋੜੀਆਂ ਅਫਵਾਹਾਂ ਫੈਲਾਉਣ ਤੋਂ ਸਖ਼ਤੀ ਨਾਲ ਬਚਿਆ ਜਾਵੇ। ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਢੁਕਵੀਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਕਬਾੜ ਦੀਆਂ ਦੁਕਾਨਾਂ ਤੇ ਡਰਾਈ ਡੇ ਐਕਟੀਵਿਟੀ ਕਰਕੇ ਡੇਂਗੂ, ਮਲੇਰੀਆ ਤੋਂ ਸੰਬੰਧੀ ਜਾਣਕਾਰੀ ਦਿੱਤੀ ਗਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾ: ਸੰਜੇ ਕਾਮਰਾ ਅਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਉਪਾਸਨਾ ਬਿੰਦਰਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਮ.ਓ ਡਾ ਸੁਦੀਪ ਸਿੱਧੂ ਜੀ ਦੀ ਅਗਵਾਈ ਹੇਠ ਹਰ ਸੁੱਕਰਵਾਰ ਤੇ ਡੈਂਗੂ ਤੇ ਵਾਰ ਅਨੁਸਾਰ ਸੈਕਸ਼ਨ ਬਾਲੀਆਂ,ਕਿਲਾਂ ਹਕੀਮਾਂ,ਲੱਡਾ,ਕਾਝਲਾਂ,ਬੇਨੜਾ ਵਿਖੇ ਨਿਰਮਾਣ ਵਾਲੀਆਂ ਥਾਵਾਂ ਤੇ ਕਬਾੜ ਦੀਆਂ ਦੁਕਾਨਾਂ ਤੇ ਡਰਾਈ ਡੇ ਐਕਟੀਵਿਟੀ ਕਰਦੇ ਹੋਏ ਡੇਂਗੂ, ਮਲੇਰੀਆ ਤੋਂ ਸੰਬੰਧੀ ਜਾਣਕਾਰੀ ਦਿੱਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਸੋਕ ਕੁਮਾਰ ਕਾਝਲਾ,ਤੇ ਗੁਰਜੰਟ ਸਿੰਘ ਹੈਲਥ ਸੁਪਰਵਾਈਜ਼ਰ ਨੇ ਦੱਸਿਆ ਕਿ ਡੇਂਗੂ, ਮਲੇਰੀਆ ਬੁਖਾਰ ਮੱਛਰਾਂ ਦੇ ਕੱਟਣ ਤੋਂ ਫੈਲਦੇ ਹਨ, ਡੇਂਗੂ ਦਾ ਮੱਛਰ ਜਿਆਦਾਤਰ ਦਿਨ ਵੇਲੇ ਤੇ ਮਲੇਰੀਆ ਦੇ ਮੱਛਰ ਰਾਤ ਨੂੰ ਕੱਟਦੇ ਹਨ। ਇਹ ਮੱਛਰ ਇੱਕ ਹਫਤੇ ਤੋਂ ਵੱਧ ਸਮੇਂ ਤੋਂ ਖੜੇ ਤੇ ਸਾਫ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ। ਇਸ ਲਈ ਉਨ੍ਹਾਂ ਕਿਹਾ ਕਿ ਟੋਇਆਂ ਨੂੰ ਭਰਿਆ ਜਾਵੇ , ਘਰਾਂ ਵਿਚ ਲੱਗੇ ਕੂਲਰ, ਗਮਲਿਆਂ, ਕਟੋਰਿਆਂ ਘਰਾ ਦੇ ਬਾਹਰ ਖੜ੍ਹਾ , ਟਾਇਰਾਂ ਤੇ ਫਰਿੱਜ ਦੀਆਂ ਟਰੇਆ ਆਦਿ ਨੂੰ ਹਫ਼ਤੇ ਵਿਚ ਇਕ ਵਾਰ ਜ਼ਰੂਰ ਸੁਕਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੱਛਰਾਂ ਤੋਂ ਛੁਟਕਾਰਾ ਪਾਉਣ ਲਈ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਪੂਰੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ, ਘਰਾਂ ਦੇ ਆਲੇ-ਦੁਆਲੇ ਖੜ੍ਹੇ ਪਾਣੀ ਨੂੰ ਸਾਫ਼ ਕਰਨਾ ਚਾਹੀਦਾ ਹੈ ਅਤੇ ਜੇਕਰ ਕਿਸੇ ਵਿਅਕਤੀ ਨੂੰ ਬੁਖ਼ਾਰ ਹੋਣ ਦਾ ਸ਼ੱਕ ਹੋਵੇ ਤਾਂ ਤੁਰੰਤ ਟੈਸਟ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ, ਜੋ ਕਿ ਪੰਜਾਬ ਸਰਕਾਰ ਵੱਲੋ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਗੁਰਵਿੰਦਰ ਸਿੰਘ ,ਅਮਰੀਕ ਸਿੰਘ ,ਹਰਜੀਤ ਸਿੰਘ ,ਜਸਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਮ. ਪ. ਹ. ਵੀ ਮੇਲ ਹਾਜਰ ਸਨ।

### ਤਲਵੰਡੀ ਸਾਬੋ ਦੇ ਆਂਗਣਵਾੜੀ ਸੈਂਟਰਾਂ ਵਿਖੇ

# ਮਨਾਇਆ ਫਰਾਈ ਡੇ ਡਰਾਈ ਡੇ





**ਤਲਵੰਡੀ ਸਾਬੋ, 09 ਮਈ (ਗੁਰਜੰਟ ਸਿੰਘ ਨਥੇਹਾ)**- ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਊਸ਼ਾ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਵੀ ਕਾਂਤ ਗੁਪਤਾ ਅਤੇ ਏਐਮਓ ਹਰਵਿੰਦਰ ਸਿੰਘ, ਕੁਲਦੀਪ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਅਤੇ ਗੁਰਸਿਮਰਤ ਕੌਰ ਬਲਾਕ ਐਜੂਕੇਟਰ ਦੀ ਯੋਗ ਅਗਵਾਈ ਹੇਠ ਆਂਗਣਵਾੜੀ ਸੈਂਟਰਾਂ ਬਾਜੀਗਰ ਧਰਮਸ਼ਾਲਾ ਅਤੇ ਡਿੱਖਾਂ ਪੱਤੀ ਧਰਮਸ਼ਾਲਾ ਤਲਵੰਡੀ ਸਾਬੋ ਵਿੱਚ ਫਰਾਈ ਡੇ ਡਰਾਈ ਡੇ ਮਨਾਇਆ ਗਿਆ। ਇਸ ਮੌਕੇ ਇਕੱਤਰ ਕੀਤੇ ਹੋਏ ਲੋਕਾਂ ਨੂੰ ਕੁਲਦੀਪ ਸਿੰਘ ਕਮਾਲੂ ਮਲਟੀਪਰਪਜ਼ ਹੈਲਥ ਵਰਕਰ ਅਤੇ ਹਰਪਾਲ ਸਿੰਘ ਗਿਆਨਾ ਮਲਟੀਪਰਪਜ਼ ਹੈਲਥ ਵਰਕਰ ਨੇ ਡੇਂਗੂ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਡੇਂਗੂ ਏਡੀਜ਼ ਐਜਿਪਟੀ ਫੀਮੇਲ ਮੱਛਰ ਦੇ ਕੱਟਣ ਨਾਲ ਫੈਲਦਾ ਇਹ ਮੱਛਰ ਦਿਨ ਵੇਲੇ ਕੱਟਦਾ ਹੈ ਇਸ ਨਾਲ ਬਹੁਤ ਬੁਖਾਰ ਹੁੰਦਾ ਹੈ। ਇਸ ਬੁਖਾਰ ਵਿੱਚ ਪਲੇਟਲੈਂਟ ਸੈੱਲ ਘੱਟ ਜਾਂਦੇ ਹਨ। ਇਹ ਮੱਛਰ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ ਜਿਵੇ ਕਿ ਕੂਲਰਾਂ ਦਾ ਪਾਣੀ ਫਰਿੱਜਾਂ ਦੀਆਂ ਟਰੇਆਂ, ਮਨੀ ਪਲਾਂਟ ਦੀਆਂ ਬੋਤਲਾਂ, ਪੰਛੀਆਂ ਦੇ ਕਟੋਰੇ, ਪਸ਼ੂਆਂ ਨੂੰ ਪਾਣੀ ਪਿਲਾਉਣ ਵਾਲੀਆਂ ਹੌਦੀਆਂ ਅਤੇ ਜ਼ਿਆਦਾਤਰ ਘਰਾਂ ਦੇ ਨੇੜੇ ਛੋਟੇ-ਛੋਟੇ ਟੋਇਆਂ ਵਿੱਚ ਪਾਣੀ ਆਦਿ ਨੂੰ ਹਫਤੇ ਵਿੱਚ ਇੱਕ ਵਾਰ ਖਾਲੀ ਕਰਕੇ ਸੁਕਾਇਆ ਜਾਵੇ ਅਤੇ ਆਲ਼ੇ-ਦੁਆਲ਼ੇ ਛੋਟੇ ਟੋਇਆਂ ਨੂੰ ਮਿੱਟੀ ਨਾਲ ਭਰ ਦਿੱਤਾ ਜਾਵੇ ਜਾਂ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ ਫਾਲਤੂ ਪਿਆ ਘਰਾਂ ਵਿੱਚੋ ਕਵਾੜ ਚੁਕਾਇਆ ਜਾਵੇ ਅਤੇ ਜੇਕਰ ਕਿਸੇ ਨੂੰ ਬੁਖਾਰ ਹੋਵੇ ਤਾਂ ਨੇੜੇ ਦੇ ਸਬ ਸੈਂਟਰ ਜਾਂ ਹਸਪਤਾਲ ਵਿੱਚ ਟੈਸਟ ਕਰਵਾ ਕੇ ਦਵਾਈ ਲਈ ਜਾਵੇ। ਇਸ ਤੋਂ ਬਚਾਅ ਲਈ ਸਰੀਰ ਨੂੰ ਪੂਰਾ ਢੱਕ ਕੇ ਰੱਖੋ, ਪੂਰੀਆਂ ਬਾਹਾਂ ਦੇ ਕੱਪੜੇ ਪਾ ਕੇ ਰੱਖੋ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਅਤੇ ਮੱਛਰਦਾਨੀਆਂ ਦੀ ਵਰਤੋਂ ਕਰੋ। ਇਹ ਜਾਣਕਾਰੀ ਘਰਾਂ ਦੇ ਵਿੱਚ ਸਰਵੇ ਕਰਨ ਦੌਰਾਨ ਵੀ ਦਿੱਤੀ। ਇਸ ਮੌਕੇ ਆਂਗਣਵਾੜੀ ਸੈਂਟਰਾਂ ਵਿੱਚ ਵੀਰਪਾਲ ਕੌਰ, ਸਤਪਾਲ ਕੌਰ ਆਂਗਣਵਾੜੀ ਵਰਕਰ ਅਤੇ ਜਸਵੀਰ ਕੌਰ, ਪ੍ਰਸ਼ੋਤਮ ਕੌਰ, ਵੀਰਪਾਲ ਕੌਰ ਆਂਗਣਵਾੜੀ ਹੈਲਪਰ ਹਾਜ਼ਰ ਸਨ।

### ਅਮਨ ਲਈ ਮਾਰਚ, ਜੰਗ ਦਾ ਵਿਰੋਧ 'ਚ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸੰਗਰੂਰ ਵਿਖੇ ਵਿਸ਼ਾਲ ਮਾਰਚ




**ਸੰਗਰੂਰ, 9 ਮਈ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਅੱਜ ਸੰਗਰੂਰ ਵਿੱਚ ਜੰਗ ਦੇ ਖ਼ਿਲਾਫ਼ ਅਤੇ ਅਮਨ ਲਈ ਵਿਸ਼ਾਲ ਮਾਰਚ ਕੱਢਿਆ ਗਿਆ। ਇਹ ਮਾਰਚ ਮਹਿਲ ਮੁਬਾਰਕ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਪਟਿਆਲਾ ਚੌਕ ਤੱਕ ਗਿਆ, ਜਿਸ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ। ਹੱਥਾਂ ਵਿੱਚ ਅਮਨ ਦੇ ਨਾਅਰਿਆਂ ਵਾਲੇ ਬੈਨਰ ਅਤੇ ਪੋਸਟਰ ਫੜੇ ਹੋਏ ਲੋਕਾਂ ਨੇ ਜੰਗ ਦੀ ਵਿਰੋਧੀ ਗੂੰਜ ਉਠਾਈ ਅਤੇ ਭਾਈਚਾਰੇ ਤੇ ਸ਼ਾਂਤੀ ਦੀ ਪਹਰਦਾਰੀ ਦਾ ਸੰਦੇਸ਼ ਦਿੱਤਾ। ਮਾਰਚ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਇੱਕ ਜਲੰਤਾ ਇਲਾਕਾ ਹੈ, ਜਿੱਥੇ ਜੰਗ ਦੀਆਂ ਚਿੰਗਾਰੀਆਂ ਨੇ ਇਤਿਹਾਸਕ ਤੌਰ 'ਤੇ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੰਗ ਦੀ ਗੱਲ ਕਰਨਾ ਨਾ ਸਿਰਫ਼ ਅਮਨ ਦੇ ਦਿਸ਼ਾ ਵਿਰੁੱਧ ਹੈ, ਬਲਕਿ ਇਹ ਆਮ ਲੋਕਾਂ ਦੀ ਜਾਨ-ਮਾਲ ਲਈ ਵੀ ਖ਼ਤਰਾ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਰ ਹਾਲਤ ਵਿੱਚ ਜੰਗ ਦਾ ਵਿਰੋਧ ਕਰਦਾ ਹੈ ਅਤੇ ਅਮਨ ਸਥਾਪਨਾ ਲਈ ਕਿਸੇ ਵੀ ਪੱਧਰ ਤੇ ਯਤਨ ਕਰਨ ਨੂੰ ਤਿਆਰ ਹੈ। ਉਨ੍ਹਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਰਾਜਨੀਤਕ ਲਾਭ ਲਈ ਜੰਗੀ ਮਾਹੌਲ ਨਾ ਬਣਾਇਆ ਜਾਵੇ, ਕਿਉਂਕਿ ਇਹ ਕਿਸੇ ਵੀ ਹਾਲਤ ਵਿੱਚ ਲੋਕਾਂ ਦੇ ਹਿੱਤ 'ਚ ਨਹੀਂ। ਮਾਰਚ ਵਿੱਚ ਨੌਜਵਾਨਾਂ ਦੀ ਭਾਰੀ ਭਾਗੀਦਾਰੀ ਨੇ ਦੱਸ ਦਿੱਤਾ ਕਿ ਪੰਜਾਬ ਦੀ ਜਨਤਾ ਜੰਗ ਨਹੀਂ, ਸਿਰਫ਼ ਅਮਨ ਚਾਹੁੰਦੀ ਹੈ। ਅੰਤ ਵਿੱਚ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਕੇ ਅਮਨ ਦੀ ਮੰਗ ਕੀਤੀ ਗਈ।ਇਸ ਮੌਕੇ ਜਿਲਾ ਪਰਧਾਨ ਗੁਰਨੈਬ ਸਿੰਘ ਰਾਮਪੁਰਾ, ਜਥੇਦਾਰ ਬਹਾਦਰ ਸਿੰਘ ਭਸੌੜ, ਜਥੇਦਾਰ ਹਰਜੀਤ ਸਿੰਘ ਸਜੂਮਾਂ ,ਸ ਪਰਗਟ ਸਿੰਘ ਗਾਗਾ , ਸ. ਨਰਿੰਦਰ ਸਿੰਘ ਕਾਲਾਬੁਲਾ, ਜਥੇਦਾਰ ਗੁਰਪਰੀਤ ਸਿੰਘ ਲਖਮੀਰ ਵਾਲਾ, ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ ,ਅਮਰਜੀਤ ਸਿੰਘ ਗਿੱਲ ,ਗੌਲੂ ਪਹਿਲਵਾਨ , ਜਿਲਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ , ਬੀਬੀ ਹਰਪਾਲ ਕੌਰ , ਬੀਬੀ ਬਲਜੀਤ ਕੌਰ ਜਖੇਪਲ , ਸ ਜਸਵਿੰਦਰ ਸਿੰਘ ਬੀਬੜ , ਸ ਹਰਚਰਨ ਸਿੰਘ ਭਸੌੜ , ਡਾ ਬੀਨੈਪਾਲ ਸਿੰਘ ਘਨੌਰ , ਸੁਖਵਿੰਦਰ ਸਿੰਘ ਬਲਿਆਲ , ਸੁਖਵਿੰਦਰ ਸਿੰਘ ਸੰਗਰੂਰ , ਗੁਰਦਰਸ਼ਨ ਸਿੰਘ ਬਲਦ ਕਲਾਂ , ਅਰਸ਼ਦੀਪ ਸਿੰਘ ਸੰਗਰੂਰ , ਹਰਵਿੰਦਰ ਸਿੰਘ ਜੈਜੀਆ , ਹਰਬੰਸ ਸਿੰਘ ਜੈਨਪੁਰ, ਗੁਰਪ੍ਰੀਤ ਸਿੰਘ ਦੁੱਗਾਂ, ਸੁਖਵੀਰ ਸਿੰਘ ਛਾਜਲੀ , ਗੁਰਜੀਤ ਸਿੰਘ ਗਾਗਾ ਆਦਿ ਸਾਥੀ ਮੌਜੂਦ ਸਨ।

# ਪੰਜਾਬ ਦੀ ਧੀ ਮਨਿੰਦਰ ਕੌਰ ਸਠਿਆਲਾ ਇਟਲੀ 'ਚ ਬੱਸ ਡਰਾਈਵਰ ਦਾ ਲਾਇਸਸ ਲੈਣ'ਚ ਹੋਈ ਕਾਮਯਾਬ

## ਇਟਲੀ 'ਚ ਪੰਜਾਬ ਦੀ ਧੀ ਨੇ ਆਪਣੇ ਮਾਪਿਆਂ ਦਾ ਨਾਂਅ ਕੀਤਾ




**ਚੌਕ ਮਹਿਤਾ, 9 ਮਈ, ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਦੀ ਧੀ ਮਨਿੰਦਰ ਕੌਰ ਵਾਸੀ ਸੀਠਆਲਾ ਨੇ ਇਟਲੀਅਨ ਭਾਸ਼ਾ ਸਿੱਖ ਕੇ ਬੱਸ ਡਰਾਈਵਰ ਦਾ ਲਾਇੰਸਸ ਲੈਣ ਵਿਚ ਕਾਮਯਾਬ ਹੋਈ ਹੈ। ਇਸ ਬਾਰੇ ਮਨਿੰਦਰ ਕੌਰ ਸਠਿਆਲਾ ਨੇ ਫੋਨ 'ਤੇ ਅਜੀਤ ਨੂੰ ਦੱਸਿਆ ਹੈ ਕਿ ਉਨ੍ਹਾਂ ਦੇ ਪਿਤਾ ਸਾ: ਸਰਪੰਚ ਜਸਬੀਰ ਸਿੰਘ ਤੇ ਮਾਤਾ ਹਰਜੀਤ ਕੌਰ ਦੀ ਪ੍ਰੇਰਨਾ ਸਦਕਾ ਉਹ ਪਹਿਲਾਂ ਇਟਲੀ ਵਿਚ ਪਹੁੰਚਣ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਦੇ ਦੱਸਿਆ ਹੈ ਕਿ ਮੇਰੇ ਮਾਤਾ ਪਿਤਾ ਨੇ ਬਹੁਤ ਸਾਥ ਦਿੱਤਾ ਹੈ ਤੇ ਇਟਲੀ 'ਚ ਰਹਿੰਦੇ ਗੁਰਤੇਜ਼ ਸਿੰਘ ਵਾਸੀ ਸੈਦੋਕੇ ਜ਼ਿਲ੍ਹਾ ਮੋਗਾ ਦੇ ਨਾਲ ਸ਼ਾਦੀ ਹੋਈ ਤੇ ਉਨ੍ਹਾਂ ਦੇ ਸਹਿਯੋਗ ਨਾਲ ਇਟਲੀ ਵਿਚ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਮੈਨੂੰ ਬੱਸ ਡਰਾਈਵਰ ਬਣਨ ਦਾ ਸ਼ੋਕ ਸੀ ਤੇ ਮੈਂ ਇਟਲੀਅਨ ਭਾਸ਼ਾ ਸਿੱਖ ਕੇ ਬੱਸ ਡਰਾਈਵਰ ਦਾ ਲਾਇਸੰਸ ਹਾਸਿਲ ਕਰ ਲਿਆ ਹੈ ਤੇ ਆਪਣੇ ਪਰਿਵਾਰ ਨਾਲ ਇਟਲੀ 'ਚ ਖੁਸ਼ ਹਾਂ। ਇਸ ਮੌਕੇ ਤੇ ਸਾਬਕਾ ਸਰਪੰਚ ਪਿਤਾ ਜਸਬੀਰ ਸਿੰਘ ਤੇ ਮਾਤਾ ਹਰਜੀਤ ਕੌਰ ਨੇ ਆਪਣੀ ਖੁਸ਼ੀ ਨੂੰ ਸਾਂਝੇ ਕਰਦਿਆ ਕਿਹਾ ਕਿ ਉਨ੍ਹਾਂ ਦੀ ਬੇਟੀ ਮਨਿੰਦਰ ਕੌਰ ਇਟਲੀ ਦੀ ਧਰਤੀ ਤੇ ਬਹੁਤ ਮਾਨ ਸਤਿਕਾਰ ਮਿਲਿਆ ਤੇ ਸਾਡੇ ਲਈ ਵੱਡੇ ਮਾਣ ਦੀ ਗੱਲ ਹੈ ਕਿ ਉਥੇ ਇਟਲੀ ਦੀ ਧਰਤੀ ਤੇ ਪੰਜਾਬ ਦਾ ਮਾਨ ਵਧਿਆ ਹੈ ਕਿ ਲੜਕੀਆਂ ਹਰ ਖੇਤਰ ਵਿਚ ਕਾਮਯਾਬ ਹੋ ਰਹੀਆਂ ਹਨ।




ਜਨਮ ਦਿਨ ਮੁਬਾਰਕ
ਸਰਗੁਣਦੀਪ ਕੌਰ
ਪਿੰਡ ਮਲਕ ਨੰਗਲ
ਆਵਾਜ਼ਿ ਕੌਮ AWAZE QAUM International Newspaper & WEB TV

### ਦਿੱਲੀ ਗੁਰਦੁਆਰਾ ਕਮੇਟੀ


# ਪੁਣਛ ਦੇ ਪੀੜਤ ਪਰਿਵਾਰਾਂ ਦੇ ਨਾਲ- ਕਾਲਕਾ, ਕਾਹਲੋਂ




**ਨਵੀਂ ਦਿੱਲੀ, 9 ਮਈ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਪਾਕਿਸਤਾਨ ਵੱਲੋਂ ਪੁਣਛ ਵਿਚ ਗੁਰਦੁਆਰਾ ਸਾਹਿਬ ਅਤੇ ਇਸ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਹੈ ਕਿ ਪਾਕਿਸਤਾਨੀ ਫੌਜ ਦੀ ਇਹ ਹਰਕਤ ਬਹੁਤ ਕਾਇਰਾਨਾ ਹੈ ਜਿਸਦੀ ਜਿੰਨੇ ਸ਼ਬਦਾਂ ਵਿਚ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਪਾਕਿਸਤਾਨੀ ਫੌਜ ਦਾ ਮੁਕਾਬਲਾ ਭਾਰਤੀ ਫੌਜ ਨਾਲ ਹੈ ਪਰ ਬਜਾਏ ਫੌਜੀ ਠਿਕਾਣਿਆਂ 'ਤੇ ਹਮਲਾ ਕਰਨ ਦੇ ਪਾਕਿਸਤਾਨੀ ਫੌਜ ਨੇ ਇਕ ਗੁਰਦੁਆਰਾ ਸਾਹਿਬ ਅਤੇ ਆਮ ਨਾਗਰਿਕਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਬੇਹੱਦ ਸ਼ਰਮਨਾਕ ਹਰਕਤ ਹੈ। ਉਹਨਾਂ ਕਿਹਾ ਕਿ ਇਸ ਹਰਕਤ ਤੋਂ ਸਾਬਤ ਹੋ ਗਿਆ ਹੈ ਕਿ ਪਾਕਿਸਤਾਨੀ ਫੌਜ ਵਿਚ ਭਾਰਤੀ ਫੌਜ ਦਾ ਸਾਹਮਣਾ ਕਰਨ ਦੀ ਜੁਰੱਅਤ ਨਹੀਂ ਹੈ। ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ 'ਤੇ ਹੋਏ ਹਮਲੇ ਵਿਚ ਸਾਡੇ 4 ਸਿੱਖ ਭਰਾ ਸ਼ਹੀਦ ਹੋ ਗਏ ਹਨ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਪੀੜਤ ਪਰਿਵਾਰਾ ਨਾਲ ਦੁੱਖ ਸਾਂਝਾਂ ਕਰਦਿਆਂ ਹਮੇਸ਼ਾ ਉਹਨਾਂ ਦੇ ਨਾਲ ਖੜ੍ਹੀ ਹੈ ਤੇ ਜੋ ਵੀ ਪਰਿਵਾਰਾਂ ਨੂੰ ਲੋੜ ਹੈ, ਅਸੀਂ ਕਦੇ ਪਿੱਛੇ ਨਹੀਂ ਹਟਾਂਗੇ। ਉਹਨਾਂ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਹਿਸਾਬ ਨਾਲ ਜਿਥੇ ਕਿਤੇ ਵੀ ਦਿੱਲੀ ਗੁਰਦੁਆਰਾ ਕਮੇਟੀ ਦੀ ਡਿਊਟੀ ਲਗਾਵੇਗੀ, ਅਸੀਂ ਪੂਰੀ ਤਨਦੇਹੀ ਨਾਲ ਅੱਗੇ ਹੋ ਕੇ ਉਹ ਡਿਊਟੀ ਪੂਰੀ ਕਰਾਂਗੇ। ਉਹਨਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਵਾਸਤੇ ਹਮੇਸ਼ਾ ਦਿੱਲੀ ਗੁਰਦੁਆਰਾ ਕਮੇਟੀ ਮੋਹਰੀ ਸੀ, ਹੈ ਤੇ ਰਹੇਗੀ। ਉਹਨਾਂ ਕਿਹਾ ਕਿ ਅਸੀਂ ਕਿਸੇ ਵੀ ਤਰੀਕੇ ਮਨੁੱਖਤਾ ਦੀ ਸੇਵਾ ਵਾਸਤੇ ਆਪ ਇਸ ਮੁਹਿੰਮ ਦੀ ਅਗਵਾਈ ਕਰਾਂਗੇ ਤੇ ਦੇਸ਼ ਨੂੰ ਦਰਪੇਸ਼ ਇਸ ਔਖੇ ਵੇਲੇ ਅਸੀਂ ਦੇਸ਼ ਤੇ ਕੌਮ ਦਾ ਡੱਟ ਕੇ ਸਾਥ ਦੇਵਾਂਗੇ।

### ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ

# ਇਹ ਸਿਰਫ਼ ਮੌਤ ਤੇ ਤਬਾਹੀ ਹੀ ਲੈ ਕੇ ਆਉਂਦੀ ਹੈ : ਬਾਪੂ ਤਰਸੇਮ ਸਿੰਘ



**ਅੰਮ੍ਰਿਤਸਰ, 9 ਮਈ (ਆਵਾਜ਼ਿ ਕੌਮ ਬਿਊਰੋ)**-ਮੈਂਬਰ ਪਾਰਲੀਮੈਂਟ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਭਾਰਤ ਪਾਕਿਸਤਾਨ ਵਿਚਾਲੇ ਬਣੇ ਜੰਗ ਦੇ ਹਲਾਤਾਂ ਤੇ ਗਹਿਰੀ ਚਿੰਤਾਂ ਪ੍ਰਗਟਾਈ ਹੈ। ਇਕ ਪ੍ਰੈਸ ਨੋਟ ਰਾਹੀਂ ਉਹਨਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਵਾਰ ਫਿਰ ਤਣਾਂਅ ਦੀ ਲਕੀਰ ਨੇ ਜੰਗੀ ਰੂਪ ਧਾਰਨ ਕਰ ਲਿਆ ਹੈ। ਅੰਤਰਰਾਸ਼ਟਰੀ ਮੀਡੀਆ ਅਤੇ ਭਾਰਤੀ ਸਰਕਾਰੀ ਸਰੋਤਾਂ ਤੋਂ ਮਿਲ ਰਹੀਆਂ ਰਿਪੋਰਟਾਂ ਅਨੁਸਾਰ ਦੋਹਾਂ ਪਾਸਿਆਂ ਵੱਲੋਂ ਸੈਨਾਂਵਾਂ ਦੀ ਤਾਇਨਾਤੀ, ਹਮਲੇ ਅਤੇ ਜਵਾਬੀ ਹਮਲੇ ਤੇਜ਼ੀ ਨਾਲ ਵਧ ਰਹੇ ਹਨ। ਇਸ ਘੜੀ 'ਚ ਸਾਡੀ ਸਭ ਤੋਂ ਵੱਡੀ ਚਿੰਤਾ ਪੰਜਾਬ, ਕਸ਼ਮੀਰ ਅਤੇ ਸਰਹੱਦੀ ਇਲਾਕਿਆਂ ਦੇ ਆਮ ਲੋਕਾਂ ਲਈ ਹੈ ਜੋ ਹਮੇਸ਼ਾਂ ਹੀ ਜੰਗਾਂ ਅਤੇ ਤਣਾਅ ਦਾ ਪਹਿਲਾਂ ਨੁਕਸਾਨ ਭੁਗਤਦੇ ਆਏ ਹਨ। ਉਹਨਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀ। ਇਹ ਸਿਰਫ਼ ਮੌਤ ਤੇ ਤਬਾਹੀ ਹੀ ਹੁੰਦੀ ਹੈ ਇਸ ਤੋਂ ਇਲਾਵਾ ਕੁਝ ਨਹੀਂ। ਕੁਝ ਮੁੱਠੀ ਭਰ ਗਲਤ ਸੋਚ ਦੇ ਅੱਤਵਾਦੀਆਂ ਜਾਂ ਉਕਸਾਊ ਤਾਕਤਾਂ ਦੀਆਂ ਕਰਤੂਤਾਂ ਦੀ ਸਜ਼ਾ ਲੱਖਾਂ ਬੇਕਸੂਰ ਲੋਕਾਂ ਨੂੰ ਦੇਣੀ ਅਸੰਵਿਧਾਨਕ, ਅਨੈਤਿਕ ਅਤੇ ਬਿਲਕੁਲ ਬੇਸਮਝ ਕਾਰਵਾਈ ਹੈ। ਅਸੀਂ ਅੱਤਵਾਦ ਅਤੇ ਹਿੰਸਾ ਦੇ ਸਖ਼ਤ ਵਿਰੋਧੀ ਹਾਂ। ਅੱਤਵਾਦ ਜਾਂ ਹਿੰਸਾ ਕਿਸੇ ਪੱਖੋਂ ਹੋਵੇ ਉਹ ਮਨੁੱਖਤਾ ਦੇ ਖਿਲਾਫ਼ ਗੁਨਾਹ ਹੈ। ਪਰ ਅੱਤਵਾਦ ਦੇ ਜਵਾਬ 'ਚ ਜੰਗ ਕਰਨਾ, ਘਰਾਂ ਨੂੰ ਉਜਾੜਨਾ ਜਾਂ ਪੂਰੇ ਖੇਤਰ ਨੂੰ ਸਜ਼ਾ ਦੇਣਾ ਵੀ ਉਤਨਾ ਹੀ ਗ਼ਲਤ ਹੈ। ਦੋਹਾਂ ਮੁਲਕਾਂ ਵਿਚ ਇੱਕ ਵੱਡੀ ਗਿਣਤੀ 'ਚ ਨੌਜਵਾਨ ਪੀੜ੍ਹੀ ਨੂੰ ਹਥਿਆਰਾਂ ਦੀ ਥਾਂ ਕਲਮ, ਕੰਮ ਅਤੇ ਵਿਕਾਸ ਦੇ ਰਾਹ 'ਤੇ ਲੈ ਜਾਣ ਦੀ ਲੋੜ ਹੈ। ਸਾਡੀ ਮੰਗ ਹੈ ਤਣਾਅ ਨੂੰ ਤੁਰੰਤ ਘਟਾਇਆ ਜਾਵੇ ਅਤੇ ਅੰਤਰਰਾਸ਼ਟਰੀ ਸਤਰ 'ਤੇ ਸੰਵਾਦ ਸ਼ੁਰੂ ਕਰਵਾਇਆ ਜਾਵੇ। ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਸ਼ਾਂਤੀਦੂਤ ਇਹਨਾਂ ਹਲਾਤਾਂ ਨੂੰ ਸ਼ਾਂਤ ਕਰਨ ਲਈ ਅੱਗੇ ਆਉਣ। ਅੱਤਵਾਦ ਅਤੇ ਸਰਹੱਦੀ ਹਿੰਸਾ ਨੂੰ ਮਾਤ ਦੇਣ ਲਈ ਮਿਲਜੁਲ ਕੇ ਰਣਨੀਤੀਆਂ ਤਿਆਰ ਕੀਤੀਆਂ ਜਾਣ। ਸੂਚਨਾਂ ਮਾਧਿਅਮਾਂ ਵੱਲੋਂ ਜੰਗੀ ਉਕਸਾਵੇ ਦੀ ਥਾਂ ਅਮਨ ਤੇ ਸ਼ਾਤਮਈ ਭਾਸ਼ਾ ਵਰਤੀ ਜਾਵੇ। ਪੰਜਾਬ, ਕਸ਼ਮੀਰ ਅਤੇ ਹੋਰ ਸਰਹੱਦੀ ਇਲਾਕਿਆਂ 'ਚ ਸਿਵਲ ਸੁਰੱਖਿਆ ਅਤੇ ਸਹਾਇਤਾ ਲਈ ਵਾਧੂ ਇੰਤਜ਼ਾਮ ਕੀਤੇ ਜਾਣ। ਅਖੀਰ ਵਿੱਚ ਬਾਪੂ ਜੀ ਨੇ ਕਿਹਾ ਕਿ ਸਿੱਖ ਪੰਥ ਦੀ ਸਿੱਖਿਆ 'ਸਰਬੱਤ ਦਾ ਭਲਾ' ਸਾਨੂੰ ਸਿਖਾਉਂਦੀ ਹੈ ਕਿ ਅਸੀਂ ਸਿਰਫ਼ ਆਪਣੇ ਲਈ ਨਹੀਂ, ਸਾਰੀ ਮਨੁੱਖਤਾ ਲਈ ਅਵਾਜ਼ ਬੁਲੰਦ ਕਰੀਏ। ਸਾਡੀ ਅਪੀਲ ਹੈ ਜੰਗ ਨਹੀਂ, ਇਨਸਾਫ਼ ਹੋਵੇ, ਹਿੰਸਾ ਨਹੀਂ, ਸੰਵਾਦ ਹੋਵੇ ਅਤੇ ਅੱਤਵਾਦ ਨਹੀਂ, ਅਮਨ ਹੋਵੇ।

> **ਕੁਝ ਮੁੱਠੀ ਭਰ ਉਕਸਾਊ ਤਾਕਤਾਂ ਦੀ ਸਜ਼ਾ ਲੱਖਾਂ ਬੇਕਸੂਰਾਂ ਨੂੰ ਦੇਣੀ ਅਸੰਵਿਧਾਨਿਕ, ਅਨੈਤਿਕ ਅਤੇ ਬੇਸਮਝ ਕਾਰਵਾਈ**

# ਨਵੀਂ ਪੀੜ੍ਹੀ 'ਤੇ ਮੋਬਾਇਲ



**ਜਦੋਂ ਅਸੀ** ਕਿਸੇ ਚੀਜ਼ ਦਾ ਜ਼ਰੂਰਤ ਤੋਂ ਜਿਆਦਾ ਇਸਤੇਮਾਲ ਕਰਦੇ ਹਾਂ ਹਾਲਾਕਿ ਸਾਨੂੰ ਉਸਦੇ ਮਾੜੇ ਪ੍ਰਭਾਵਾਂ ਬਾਰੇ ਪਤਾ ਹੋਵੇ ਫਿਰ ਵੀ ਉਸ ਚੀਜ ਦੀ ਵਰਤੋਂ ਨਸਾ ਕਹਾਉਂਦੀ ਹੈ। ਕੀ ਬੱਚੇ, ਕੀ ਨੌਜਵਾਨ ਹਰ ਇੱਕ ਨੇ ਮੋਬਾਇਲ ਨਾਮ ਦੀ ਡਿਵਾਈਸ ਦਾ ਨਸ਼ਾ ਇਸ ਕਦਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਤੋਂ ਬਿਨ੍ਹਾਂ ਰਹਿਣਾ ਉਹਨਾਂ ਲਈ ਮੁਸ਼ਕਿਲ ਹੋ ਜਾਂਦਾ ਹੈ। ਇੱਕ ਸਮਾਂ ਸੀ ਜਦੋਂ ਘਰ ਦੇ ਸਾਰੇ ਮੈਂਬਰ ਇਕੱਠੇ ਬੈਠ ਕੇ ਟੈਲੀਵਿਜ਼ਨ ਦੇਖਦੇ ਸੀ। ਪਰੰਤੂ ਅੱਜ ਦੇ ਸਮੇਂ ਹਰੇਕ ਮੈਂਬਰ ਅਲੱਗ ਅਲੱਗ ਬੈਠ ਕੇ ਮੋਬਾਇਲ ਦੇਖਦਾ ਹੈ। ਜੇਕਰ ਕਿੱਧਰੇ ਮੋਬਾਇਲ ਵਿੱਚੋਂ ਇੰਟਰਨੈਟ ਖਤਮ ਹੋ ਜਾਵੇ ਤਾਂ ਉਹ ਇਸ ਤਰ੍ਹਾਂ ਛਟਪਟਾਉਂਦੇ ਹਨ। ਜਿਵੇਂ ਪਾਣੀ ਤੋਂ ਬਿਨ੍ਹਾਂ ਮੱਛੀ। ਅੱਜ ਦੀ ਨੌਜਵਾਨ ਪੀੜ੍ਹੀ ਦੀ ਯਾਦਦਸਤ ਸ਼ਕਤੀ ਘਟਣ, ਨਿਗਾ ਘਟਣ, ਨਾੜੀ ਤੰਤਰ ਦੀ ਕਮਜੋਰੀ, ਡਿਪਰੈਸ਼ਨ ਆਦਿ ਚੀਜਾ ਦਾ ਇੱਕ ਹੀ ਕਾਰਣ ਹੈ ਮੋਬਾਇਲ। ਛੋਟੇ ਬੱਚੇ ਜਿਨ੍ਹਾਂ ਨੇ ਹਾਲੇ ਸਾਰੀ ਜਿੰਦਗੀ ਜਿਉਣੀ ਹੈ ਅਸੀਂ ਆਪ ਉਹਨਾ ਦੇ ਹੱਥਾਂ ਵਿੱਚ ਮੋਬਾਇਲ ਫੜ੍ਹਾ ਦਿੰਦੇ ਹਾਂ ਜਿਸਦੇ ਨਤੀਜੇ ਵਜੋਂ ਉਹਨਾਂ ਦੇ ਛੋਟੀ ਉਮਰ ਵਿੱਚ ਹੀ ਐਨਕ ਲੱਗ ਜਾਦੀ ਹੈ। ਉਹ ਕਈ ਵਾਰ ਅਜਿਹੇ ਵੀ ਕਿਸੇ ਜਾਲ ਵਿੱਚ ਫਸ ਜਾਦੇ ਹਨ ਜਿਸ ਦੇ ਨਤੀਜੇ ਜਾਨਲੇਵਾ ਸਿੱਧ ਹੁੰਦੇ ਹਨ। ਉਹਨਾਂ ਦੁਆਰਾ ਮੋਬਾਇਲ ਤੇ ਖੇਡੀਆਂ ਜਾ ਰਹੀਆਂ ਗੇਮਾਂ ਉਹਨਾਂ ਦੇ ਦਿਮਾਗ ਤੇ ਇਸ ਕਦਰ ਆਪਣਾ ਪ੍ਰਭਾਵ ਬਣਾ ਲੈਂਦੀਆਂ ਹਨ ਕਿ ਉਹਨਾਂ ਨੂੰ ਆਪਣੇ ਚੰਗੇ-ਮਾੜੇ ਦਾ ਪਤਾ ਹੀ ਨਹੀਂ ਲੱਗਦਾ। ਜਿਸ ਤਰ੍ਹਾਂ ਅਮਲੀ ਨੂੰ ਨਸ਼ੇ ਦੀ ਤੋੜ ਲੱਗਦੀ ਹੈ ਠੀਕ ਉਸੇ ਤਰਾਂ ਬੱਚਿਆ ਨੂੰ ਵੀ ਮੋਬਾਇਲ ਦੇਖਣ ਲਈ ਤੋੜ ਲੱਗੀ ਰਹਿੰਦੀ ਹੈ। ਹੁਣ ਗੱਲ ਕਰਦੇ ਹਾਂ ਨੌਜਵਾਨ ਪੀੜ੍ਹੀ ਦੀ ਜੋ ਕਿ ਬਹੁਤ ਹੀ ਸੰਵੇਦਨਸ਼ੀਲ ਹੈ। ਨੌਜਵਾਨ ਲੜਕੀਆਂ ਰੀਲਾ ਬਣਾ ਕੇ ਇੰਸਟਾਗ੍ਰਾਮ ਸਨੈਪਚੈਟ, ਵੱਟਸਐਪ ਤੇ ਪਾਉਂਦੀਆ ਹਨ ਤਾਂ ਜੇ ਉਨਾਂ ਨੂੰ ਲਾਈਕ ਮਿਲਣ ਲੋਕ ਉਹਨਾਂ ਨੂੰ ਫੈਲੋ ਕਰਨ ਅਤੇ ਉਹਨਾਂ ਦੇ ਵੱਧ ਤੋਂ ਵੱਧ ਆਨਲਾਈਨ ਮਿੱਤਰ ਬਣਨ, ਪਰੰਤੂ ਉਹਨਾਂ ਨੂੰ ਇਸ ਗੱਲ ਦਾ ਬਿਲਕੁਲ ਵੀ ਅਹਿਸਾਸ ਨਹੀ ਹੁੰਦਾ ਕਿ ਉਹ ਮੋਬਾਇਲ ਰੂਪੀ ਨਸ਼ੇ ਦੀ ਦਲਦਲ ਵਿੱਚ ਇਸ ਕਦਰ ਫਸ ਚੁੱਕੀਆਂ ਹਨ ਕਿ ਜਿੱਥੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਜਦੋਂ ਤੱਕ ਲੜਕੀ ਦੇ ਘਰ ਦਿਆਂ ਨੂੰ ਸਾਰੀ ਗੱਲ ਦਾ ਪਤਾ ਲੱਗਦਾ ਹੈ ਉਦੋਂ ਤੱਕ ਸਭ ਕੁੱਝ ਖਤਮ ਹੋ ਚੁੱਕਿਆ ਹੁੰਦਾ ਹੈ। ਨੌਜਵਾਨ ਲੜਕੇ ਜਿਨ੍ਹਾਂ ਨੂੰ ਸਾਡੇ ਦੇਸ ਦਾ ਭਵਿੱਖ ਕਿਹਾ ਜਾਂਦਾ ਹੈ ਉਹ ਹਰ ਸਮੇਂ ਮੋਬਾਇਲ ਵਿੱਚ ਆਪਣਾ ਕੀਮਤੀ ਸਮਾਂ ਅਜਾਈ ਗਵਾਉਂਦੇ ਹਨ। ਤੁਸੀਂ ਵੇਖਿਆ ਹੋਵੇਗਾ ਕਿ ਅੱਜ ਦੇ ਨੌਜਵਾਨਾਂ ਵਿੱਚ ਸਬਰ, ਸੰਤੋਖ ਅਤੇ ਧੀਰਜ ਆਦਿ ਗੁਣਾਂ ਦੀ ਅਣਹੋਂਦ ਹੈ। ਇਸਦਾ ਸਭ ਤੋਂ ਵੱਡਾ ਕਾਰਨ ਮੋਬਾਇਲ ਰੂਪੀ ਨਸ਼ਾ ਹੈ। ਬਹੁਤ ਸਾਰੀਆ ਅਜਿਹੀਆਂ ਐਪਸ ਹਨ ਜੋ ਕਿ ਸੌਖੇ ਤਰੀਕੇ ਨਾਲ ਪੈਸੇ ਦੁੱਗਣੇ ਕਰਨ ਦਾ ਭਾਸਾ ਨੌਜਵਾਨਾਂ ਨੂੰ ਦੇ ਰਹੀਆਂ ਹਨ। ਨੌਜਵਾਨ ਬਿਨ੍ਹਾਂ ਸਬਰ ਸੰਤੋਖ ਦੇ ਛੇਤੀ ਅਮੀਰ ਹੋਣ ਦੇ ਚੱਕਰ ਵਿੱਚ ਸਮੇ ਤੋਂ ਪਹਿਲਾਂ ਗਰੀਬੀ ਅਤੇ ਡਿਪਰੈਸ਼ਨ ਵਿੱਚ ਚੱਲੇ ਜਾਂਦੇ ਹਨ। ਜੋ ਕਿ ਕਈ ਵਾਰ ਜਾਨਲੇਵਾ ਵੀ ਸਾਬਿਤ ਹੁੰਦੀ ਹੈ। ਸਮੇਂ ਦੇ ਨਾਲ ਚੱਲਣਾ, ਸਮੇਂ ਦੇ ਹਾਣੀ ਬਣਨਾ ਜਰੂਰੀ ਹੈ ਮੋਬਾਇਲ ਅੱਜ ਦੇ ਸਮੇਂ ਦੀ ਮੁੱਢਲੀ ਜਰੂਰਤ ਬਣ ਗਿਆ ਹੈ। ਜਰੂਰਤ ਹੈ ਇਸਦਾ ਪ੍ਰਯੋਗ ਗਿਆਨ ਪ੍ਰਾਪਤ ਕਰਨ ਲਈ ਕੀਤਾ ਜਾਵੇ। ਅਸੀਂ ਜਿਆਦਾਤਰ ਇੰਸਟਾਗ੍ਰਾਮ, ਯੂ-ਟਿਊਬ, ਸਨੈਪਚੈਟ, ਫੇਸਬੁੱਕ ਆਦਿ ਦਾ ਹੀ ਪ੍ਰਯੋਗ ਕਰਦੇ ਹਾਂ, ਪਰੰਤੂ ਜੇਕਰ ਅਸੀਂ ਮੋਬਾਇਲ ਦੇਖਣ ਦਾ ਸਮਾਂ ਨਿਸਚਿਤ ਕਰਕੇ ਇਸਦਾ ਸਹੀ ਤਰੀਕੇ ਨਾਲ ਪ੍ਰਯੋਗ ਕਰੀਏ ਤਾਂ ਅਸੀ ਮੁਕਾਬਲਾ ਪ੍ਰੀਖਿਆਵਾਂ ਵਿਚ ਵਧੀਆ ਅੰਕ ਪ੍ਰਾਪਤ ਕਰਕੇ ਆਪਣੀ ਜਿੰਦਗੀ ਨੂੰ ਸਫਲ ਬਣਾ ਸਕਦੇ ਹਾਂ। ਖੇਡ ਖੇਡੋ ਮੋਬਾਇਲ ਵਾਲੀ ਨਹੀ ਸਰੀਰਿਕ ਖੇਡ ਖੇਡੋ ਜਿਸ ਨਾਲ ਸਰੀਰ ਤਾਕਤਵਰ ਅਤੇ ਸੁਡੋਲ ਬਣੇ। ਮਾਪਿਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਮਾਂ ਦੇਣ ਤਾਂ ਕਿ ਉਹ ਮੋਬਾਇਲ ਰੂਪੀ ਨਸ਼ੇ ਦਾ ਪ੍ਰਯੋਗ ਨਾ ਕਰਨ। ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਹਫਤੇ ਵਿੱਚ ਇੱਕ ਦਿਨ ਮੋਬਾਇਲ ਨਾ ਦੇਖਣ ਦਾ ਵਰਤ ਰੱਖ ਕੇ ਵੇਖਿਓ। ਕਿਵੇਂ ਮਹਿਸੂਸ ਹੋਵੇਗਾ ? ਸਾਰਾ ਦਿਨ ਤਣਾਓ ਮੁਕਤ ਰਹੋਗੇ। ਤੁਸੀਂ ਦਿਨ ਵਿੱਚ ਕਈ ਵਾਰ ਖੁੱਲ ਕੇ ਹੱਸੋਗੇ, ਤੁਹਾਨੂੰ ਭੁੱਖ ਵੀ ਵਧੀਆ ਲੱਗੇਗੀ ਤੁਸੀ ਸਰੀਰ ਵਿੱਚ ਤਾਕਤ ਮਹਿਸੂਸ ਕਰੋਗੇ, ਤੁਸੀਂ ਘਰ ਦੇ ਮੈਂਬਰਾਂ ਨਾਲ ਦੋਸਤਾਂ ਮਿੱਤਰਾਂ ਨਾਲ ਖੁੱਲ ਕੇ ਗੱਲਾ ਕਰੋਗੇ ਅਤੇ ਰਾਤ ਨੂੰ ਨੀਂਦ ਵੀ ਤੁਹਾਨੂੰ ਬਹੁਤ ਵਧੀਆ ਆਵੇਗੀ। ਆਓ ਸਾਰੇ ਰਲ ਮਿਲ ਕੇ ਇਸ ਮੋਬਾਇਲ ਨਾਮੀ ਨਸ਼ੇ ਦਾ ਪ੍ਰਯੋਗ ਘਟਾਈਏ ਅਤੇ ਜੀਵਨ ਨੂੰ ਬਚਾਈਏ।

**-ਲੇਖਕ ਗੁਰਿੰਦਰ ਸਿੰਘ**, 9872414378

# ਜੰਗ ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ, ਇਸ ਨੂੰ ਰੋਕਿਆ ਜਾਵੇ-ਪ੍ਰਿੰ : ਤਰਸਿੱਕਾ



**ਬਾਬਾ ਸੁਖਵੰਤ ਸਿੰਘ 9 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜੰਗ ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ, ਸਗੋਂ ਹਰ ਪੱਖੋਂ ਬਰਬਾਦੀ ਤਬਾਹੀ, ਭੁੱਖਮਰੀ, ਖ਼ੂਨ ਖ਼ਰਾਬਾ ਅਤੇ ਅਨੇਕਾਂ ਦੁੱਖ ਤਕਲੀਫ਼ਾਂ ਨੂੰ ਦੇਸ਼ ਦੇ ਨਾਗਰਿਕਾਂ ਦੀ ਝੋਲੀ ਵਿੱਚ ਪਾਉਂਦਾ ਹੈ, ਇਸ ਲਈ ਇੰਡੀਆ ਅਤੇ ਪਾਕਿਸਤਾਨ ਵਿੱਚ ਚੱਲ ਰਹੀ ਜੰਗ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ, ਇਹ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਲਈ ਚੰਗਾ ਹੋਵੇਗਾ, ਇਹ ਸ਼ਬਦ ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਕਹੇ, ਪ੍ਰਿੰਸੀਪਲ ਤਰਸਿੱਕਾ ਨੇ ਅੱਗੇ ਕਿਹਾ ਹਰ ਪਾਸੇ ਡਰ ਦਹਿਸ਼ਤ ਦਾ ਮਾਹੌਲ ਸਿਰਜਿਆ ਪਿਆ ਹੈ, ਦਿਨ ਰਾਤ ਲੋਕਾਂ ਨੂੰ ਆਪਣੇ ਘਰ ਪਰਿਵਾਰ ਦੀ ਚਿੰਤਾ ਸਤਾਅ ਰਹੀ ਹੈ, ਕਿਉਂਕਿ ਯੂਕਰੇਨ ਅਤੇ ਰੂਸ ਜੰਗ ਨੇ, ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਵਿਸ਼ਵ ਦੇ ਵੱਖ ਵੱਖ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਇਸ ਜੰਗ ਨੂੰ ਰੋਕਣ ਵਿੱਚ ਆਪਣੀ ਭੂਮਿਕਾ ਨਿਭਾਉਣ ਤੇ ਦੋਵੇਂ ਪਾਸੇ ਅਮਨ ਸ਼ਾਂਤੀ ਵਾਲਾ ਮਾਹੌਲ ਸਿਰਜਣ, ਇਸ ਮੌਕੇ ਅਵਤਾਰ ਸਿੰਘ ਸਾਧਪੁਰ, ਬਲਵਿੰਦਰ ਸਿੰਘ ਚੱਕੀ ਵਾਲੇ, ਜੋਰਾ ਸਿੰਘ ਖੁਜਾਲਾ, ਦਲੇਰ ਸਿੰਘ ਸਾਧਪੁਰ, ਜੋਗਿੰਦਰ ਸਿੰਘ ਭੀਲੋਵਾਲ, ਅਮਨਪ੍ਰੀਤ ਸਿੰਘ ਚਾਟੀਵਿੰਡ, ਬਾਬਾ ਗਰੀਬ ਸਿੰਘ ਤਰਸਿੱਕਾ, ਕਸ਼ਮੀਰ ਸਿੰਘ ਫੌਜੀ, ਪ੍ਰਗਟ ਸਿੰਘ ਤਰਫਾਨ, ਮਲਵਿੰਦਰ ਸਿੰਘ ਚੁਗਾਵਾਂ, ਗੁਰਵਿੰਦਰ ਸਿੰਘ ਤਾਹਰਪੁਰ, ਮਨਪ੍ਰੀਤ ਸਿੰਘ ਭੱਟੀਕੇ, ਜਗਰੂਪ ਸਿੰਘ ਸੈਦਪੁਰ ਆਦਿ ਹਾਜ਼ਰ ਸਨ

# ਪਿੰਡ ਕੰਧਾਰਗੜ ਛੰਨਾ ਵਿਖੇ ਸਾਉਣੀ ਦੀਆਂ ਫਸਲਾਂ ਸਬੰਧੀ ਲਾਇਆ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ




ਧੂਰੀ ( ਰਣਜੀਤ ਸਿੰਘ ਪੇਧਨੀ )-ਮੁੱਖ ਖੇਤੀਬਾੜੀ ਅਫਸਰ ਧਰਮਿੰਦਰਜੀਤ ਸਿੰਘ ਦੇ ਦਿਸਾ ਨਿਰਦੇਸਾ ਅਤੇ ਡਾਕਟਰ ਅਮਨਦੀਪ ਕੌਰ ਖੇਤੀਬਾੜੀ ਅਫਸਰ ਧੂਰੀ ਦੀ ਯੋਗ ਅਗਵਾਈ ਵਿੱਚ ਬਲਾਕ ਧੂਰੀ ਦੇ ਪਿੰਡ ਕੰਧਾਰਗੜ ਛੰਨਾ ਵਿਖੇ ਸਾਉਣੀ ਦੀਆਂ ਫਸਲਾਂ ਸਬੰਧੀ ਕਿਸਾਨ ਗਿਣਤੀ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਸਰਬਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ । ਉਨਾ ਕਿਹਾ ਕਿ ਕਿਸਾ ਨੂੰ ਕਣਕ ਤੇ ਬੇਲੋੜੀਆਂ ਸਪਰੇਹਾਂ ਕਰਨ ਤੋਂ ਗਰੇਜ ਕਰਨ ਦੀ ਅਪੀਲ ਵੀ ਕੀਤੀ ਅਤੇ ਆਧੁਨਿਕ ਮਸ਼ੀਨਰੀ ਸਬੰਧੀ ਕਿਸਾਨਾਂ ਨਾਲ ਵਿਚਾਰ ਵੀ ਸਾਂਝੇ ਕੀਤੇ ਇਸ ਮੌਕੇ ਪਿੰਡ ਦੇ ਕਿਸਾਨਾਂ ਤੋਂ ਇਲਾਵਾ ਮੈਡਮ ਮਨਪ੍ਰੀਤ ਕੌਰ ਖੇਤੀਬਾੜੀ ਉਪ ਨਿਰੀਖਕ, ਏ,ਟੀ,ਐਮ, ਮੱਖਣ ਸਿੰਘ, ਏ.ਟੀ.ਐਮ, ਹਰਜੀਤ ਸਿੰਘ ਅਤੇ ਜਗਰਾਜ ਸਿੰਘ ਬੇਲਦਾਰ ਹਾਜ਼ਰ ਸਨ।

## ਆਮ ਖਾਸ ਦਾ ਫ਼ਰਕ



ਕੁੱਝ ਬਾਬਿਆਂ ਨੇ ਯੋਗ ਵੇਚ 'ਤਾ
ਕੁੱਝ ਆਗੂਆਂ ਨੇ ਧਰਮ ।
ਕੁੱਝ ਨੇਤਾ ਕਰ ਗਏ ਦਲਾਲੀ
ਰੱਤਾ ਨਾ ਕੀਤੀ ਸ਼ਰਮ ।
ਕਈ ਬਦਲਾਅ ਦਾ ਨਾਅਰਾ ਦੇ ਕੇ
ਬਣ ਗਏ ਆਮ ਤੋਂ ਖ਼ਾਸ ;
ਪਰ ਲੋਕ ਆਮ ਦੇ ਆਮ ਰਹਿ ਗਏ
ਕਹਿਣ ਫੁੱਟ ਗਏ ਕਰਮ ।

**-ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
9914836037

# ਜੀਐਚਪੀਐਸ ਅਧਿਆਪਕਾਂ ਨਾਲ ਕਾਲਕਾ, ਸਿਰਸਾ ਨੇ ਧੋਖਾ ਕੀਤਾ: ਸਰਨਾ



ਨਵੀਂ ਦਿੱਲੀ, 9 ਮਈ (ਮਨਪ੍ਰੀਤ ਸਿੰਘ ਖਾਲਸਾ):– ਦਿੱਲੀ ਹਾਈ ਕੋਰਟ ਵੱਲੋਂ ਮੌਜੂਦਾ ਮੈਨੇਜਮੈਂਟ ਨੂੰ ਅਧਿਆਪਕਾਂ ਦੇ ਬਕਾਏ ਦਾ ਭੁਗਤਾਨ ਨਾ ਕਰਨ ਲਈ ਮਾਣਹਾਨੀ ਦਾ ਦੋਸ਼ੀ ਠਹਿਰਾਏ ਜਾਣ ਦੇ ਸਖ਼ਤ ਹੁਕਮ ਤੋਂ ਬਾਅਦ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਡੀਐਸਜੀਐਮਸੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਉਨ੍ਹਾਂ ਦੀ ਟੀਮ 'ਤੇ ਤਿੱਖਾ ਹਮਲਾ ਕੀਤਾ ਹੈ। ਇੱਕ ਸਖ਼ਤ ਸ਼ਬਦਾਂ ਵਿੱਚ ਬਿਆਨ ਦਿੰਦੇ ਹੋਏ, ਸਰਨਾ ਨੇ ਕਾਲਕਾ, ਉਨ੍ਹਾਂ ਦੇ ਅਸਲ ਮੁਖੀ ਐਮਐਸ ਸਿਰਸਾ ਅਤੇ ਉਨ੍ਹਾਂ ਦੇ ਸਾਥੀਆਂ 'ਤੇ "ਸਾਡੇ ਬੱਚਿਆਂ ਦਾ ਭਵਿੱਖ ਬਣਾਉਣ ਵਾਲੇ ਅਧਿਆਪਕਾਂ ਨਾਲ ਧੋਖਾ ਕਰਨ" ਅਤੇ ਕਾਨੂੰਨੀ ਅਧਿਕਾਰਾਂ ਨੂੰ ਦਬਾਉਣ ਲਈ ਡੀਐਸਜੀਐਮਸੀ ਪਲੇਟਫਾਰਮ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਇਆ। ਸਰਨਾ ਨੇ ਕਿਹਾ ਕਿ ਹਾਈ ਕੋਰਟ ਦੇ ਤਾਜ਼ਾ ਹੁਕਮ ਨੇ ਕਾਲਕਾ, ਸਿਰਸਾ ਅਤੇ ਡੀਐਸਜੀਐਮਸੀ ਵਿੱਚ ਉਨ੍ਹਾਂ ਦੇ ਚੇਹਰੇ ਤੋਂ ਮਖੌਟਾ ਲਾਹ ਦਿੱਤਾ ਹੈ। ਉਹ ਨਾ ਸਿਰਫ਼ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਗੋਂ ਸਮੁੱਚੀ ਸਿੱਖ ਸੰਗਤ ਦੇ ਸਾਹਮਣੇ - ਸਾਡੇ ਅਧਿਆਪਕਾਂ ਨਾਲ ਧੋਖਾ ਕਰਨ ਲਈ ਦੋਸ਼ੀ ਹਨ। ਕਾਲਕਾ ਅਤੇ ਡੀਐਸਜੀਐਮਸੀ ਦੇ ਜਨਰਲ ਸਕੱਤਰ ਨੂੰ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੋਸਾਇਟੀ ਦੁਆਰਾ ਚਲਾਏ ਜਾ ਰਹੇ ਸਕੂਲਾਂ ਦੇ ਅਧਿਆਪਕਾਂ ਅਤੇ ਸਟਾਫ ਨੂੰ 6ਵੇਂ ਅਤੇ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਦੇ ਬਕਾਏ ਦੀ ਅਦਾਇਗੀ ਦੇ ਨਿਰਦੇਸ਼ ਦੇਣ ਵਾਲੇ 2021 ਦੇ ਅਦਾਲਤੀ ਫੈਸਲੇ ਦੀ ਉਲੰਘਣਾ ਕਰਨ ਲਈ ਜਾਣਬੁੱਝ ਕੇ ਅਪਮਾਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਨੇ 400 ਕਰੋੜ ਰੁਪਏ ਦੇ ਬਕਾਏ ਇਕੱਠੇ ਕਰਨ ਲਈ ਫੋਰੈਂਸਿਕ ਆਡਿਟ ਅਤੇ ਡੀਐਸਜੀਐਮਸੀ ਅਤੇ ਜੀਐਚਪੀਐਸ ਜਾਇਦਾਦਾਂ ਦੇ ਮੁਲਾਂਕਣ ਦਾ ਵੀ ਆਦੇਸ਼ ਦਿੱਤਾ ਹੈ। ਸਰਨਾ ਨੇ ਅਦਾਲਤ ਦੇ ਇਸ ਨਤੀਜੇ ਵੱਲ ਇਸ਼ਾਰਾ ਕੀਤਾ ਕਿ ਕਾਲਕਾ ਦੀ ਟੀਮ ਨੇ ਅਧਿਆਪਕਾਂ ਨੂੰ ਉਨ੍ਹਾਂ ਦੇ ਬਕਾਏ ਮੁਆਫ ਕਰਨ ਲਈ ਮਜਬੂਰ ਕੀਤਾ ਸੀ ਅਤੇ ਕਾਰਵਾਈ ਵਿੱਚ ਦੇਰੀ ਕਰਨ ਲਈ ਝੂਠੇ ਵਾਅਦੇ ਜਾਰੀ ਕੀਤੇ ਸਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਪ੍ਰਬੰਧਕੀ ਗਲਤੀਆਂ ਨਹੀਂ ਹਨ ਬਲਕਿ ਕਾਲਕਾ ਅਤੇ ਉਸਦੇ ਗਿਰੋਹ ਨੇ ਜਾਅਲੀ ਵਾਅਦੇ ਪੇਸ਼ ਕੀਤੇ, ਅਧਿਆਪਕਾਂ ਨੂੰ ਚੁੱਪ ਕਰਾਉਣ ਲਈ ਧੱਕੇਸ਼ਾਹੀ ਕੀਤੀ, ਅਤੇ ਹੁਣ ਸੱਤਾ ਨਾਲ ਚਿੰਬੜੇ ਹੋਏ ਬੇਵੱਸੀ ਦਾ ਰੋਣਾ ਰੋਇਆ। ਸਰਨਾ ਨੇ ਐਲਾਨ ਕੀਤਾ ਕਿ ਡੀਐਸਜੀਐਮਸੀ ਦੀ ਮਾਲਕੀ ਵਾਲੀ ਹਰ ਇੰਚ ਜ਼ਮੀਨ ਸੰਗਤ ਦੀ ਹੈ - ਇਸਨੂੰ ਛੁਪਾਉਣ ਜਾਂ ਅਸਫਲ ਨੇਤਾਵਾਂ ਦੇ ਹੰਕਾਰ ਨੂੰ ਢਾਲਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਉਨ੍ਹਾਂ ਮੰਗ ਕੀਤੀ ਕਿ ਸਿਰਸਾ, ਕਾਲਕਾ ਅਤੇ ਉਨ੍ਹਾਂ ਦੇ ਗਿਰੋਹ ਦੀਆਂ ਜਾਇਦਾਦਾਂ ਨੂੰ ਸੇਵਾ ਲਈ ਬਣਾਈਆਂ ਗਈਆਂ ਡੀਐਸਜੀਐਮਸੀ ਜਾਇਦਾਦਾਂ ਵੇਚਣ ਦੀ ਬਜਾਏ ਬਕਾਇਆ ਭੁਗਤਾਨ ਲਈ ਨਿਲਾਮ ਕੀਤਾ ਜਾਵੇ। ਸਰਨਾ ਨੇ ਕਿਹਾ ਕਿ ਕਾਲਕਾ ਅਤੇ ਉਨ੍ਹਾਂ ਦੇ ਸਮੂਹ ਨੂੰ ਇੱਕ ਪਾਸੇ ਹਟਣ ਦਾ ਸਮਾਂ ਆ ਗਿਆ ਹੈ । ਉਹ ਨੈਤਿਕ ਅਧਿਕਾਰ ਗੁਆ ਚੁੱਕੇ ਹਨ, ਉਨ੍ਹਾਂ ਨੇ ਕਾਨੂੰਨੀ ਆਧਾਰ ਗੁਆ ਦਿੱਤਾ ਹੈ, ਅਤੇ ਉਨ੍ਹਾਂ ਨੇ ਲੋਕਾਂ ਦਾ ਵਿਸ਼ਵਾਸ ਗੁਆ ਦਿੱਤਾ ਹੈ। ਡੀਐਸਜੀਐਮਸੀ ਕਦੇ ਵੀ ਭ੍ਰਿਸ਼ਟਾਚਾਰੀਆਂ ਲਈ ਅੱਡਾ ਨਹੀਂ ਸੀ - ਇਹ ਸੇਵਾ ਦਾ ਗੜ੍ਹ ਹੋਣਾ ਸੀ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 10 ਜੁਲਾਈ ਨੂੰ ਤੈਅ ਕੀਤੀ ਹੈ, ਜਿੱਥੇ ਸਜ਼ਾ ਦੀ ਮਾਤਰਾ ਅਤੇ ਪਾਲਣਾ ਪ੍ਰਗਤੀ ਦੀ ਸਮੀਖਿਆ ਕੀਤੀ ਜਾਵੇਗੀ।

# Kashmir conflict: Sikh views on loss, nationalism and unity

The recent terrorist attack in Kashmir, which claimed the lives of 26 innocent Hindu tourists and left 10 others injured, has once again cast a shadow over the region. The attack in Baisaran Valley, a popular tourist spot near Pahalgam, serves as a stark reminder of the continued violence and the fragility of peace in a region scarred by years of conflict. This attack, in many ways, echoes the tragic Chittisinghpura massacre, where

ਆਵਾਜ਼ਿ ਕੌਮ AWAZE QAUM
International Newspaper & WEB TV

36 Sikhs were brutally killed by terrorists in the village of Anantnag district on March 20, 2000. The massacre occurred just days before US President Bill Clinton's state visit to India, highlighting the deepening conflict and the senseless loss of innocent lives. There is a widely held belief that this massacre was itself a product of the geopolitics of the region.

For Sikhs, this tragedy resonates deeply. The Chittisinghpura massacre, much like the recent Pahalgam attack, reflects the devastating impact of terrorism and sectarian violence in Kashmir. It reminds us that civilians, regardless of their faith or background, continue to be caught in the crossfire of political and religious conflict. The memories of Chittisinghpura highlight the human cost of conflict, and they underscore the urgent need for peace and unity in the region.

For us, as Sikhs, the Pahalgam attack is not just a news event; it is a painful reflection of a larger, more entrenched issue that has plagued both India and Pakistan for decades. The violence in Kashmir, the rise of militant extremism, and the deepening of nationalism on both sides of the border all point to a critical issue: the escalation of hate-filled nationalism, whether it is the rise of hardline Islamism in Pakistan or the Hindu nationalist agenda in India.

In this piece we seek to address this issue through what we believe is the Sikh perspective, one grounded in the universal teachings of compassion, equality, and shared humanity of our Gurus. We stand firmly against the divisive ideologies that continue to tear apart the lives of innocent people. We believe it is time to move beyond these manufactured borders, both physical and mental, and to focus on our shared humanity and collective vulnerabilities.

**The Deepening of Nationalism: A Dangerous Path**

Nationalism has always played a role in the India-Pakistan conflict, but in recent years, we have witnessed a dangerous shift. On both sides of the border, nationalism has taken on a more extreme form, one that is built on hatred and division rather than unity. In India, the rise of Hindutva and the increasing prominence of the Hindu right-wing agenda have fuelled the flames of intolerance. In Pakistan, the growing influence of hardline Islamists has led to an equally dangerous form of nationalism that disregards the rights and dignity of not only non-Muslim minorities, but moderate Muslims as well.


The nationalism we see today is not the nationalism of unity, solidarity, or mutual respect. It is a nationalism that thrives on fear, exclusion, and hatred. It is a nationalism that seeks to demonize the "other", whether that other is a Muslim, Hindu, Sikh, or anyone who does not fit within a narrow, ideological framework. This kind of nationalism is deeply harmful. It teaches us to view one another as enemies rather than neighbours. It reinforces the artificial divisions that have caused so much pain and suffering in our shared history.

As Sikhs, we reject this vision of nationalism. We cannot, in good conscience, support any ideology that promotes hatred, intolerance, or the dehumanization of others. We have witnessed the horrors of division and violence in the past during the partition of India in 1947 when families were torn apart, and lives were shattered by violence. We have seen how nationalist ideologies, whether religious or political, have driven people to commit atrocities in the name of a false sense of superiority or identity or in the service of one's faith.

**The Sikh Perspective: A Vision of Universal Humanism**

The Sikh Gurus, in their timeless teachings, have called us to reject hatred, violence, and division. They have shown us that our common humanity is far greater than the artificial lines that divide us. Guru Nanak, the founder of Sikhi, taught that there is one Creator, and all human beings regardless of their faith, race, or nationality are equal in the eyes of God. "No one is a Hindu, no one is a Muslim," he famously said, pointing to the folly of religious and cultural divisions that seek to divide us.



**GURNAM SINGH** is an academic activist dedicated to human rights, liberty, equality, social and environmental justice. He is an Associate Professor of Sociology at University of Warwick, UK. He can be contacted at Gurnam.singh.1@warwick.ac.uk



**MANJIT KAUR** a UK-based therapist and counsellor, is a presenter at the 1 Show Live at Panjab Broadcasting Channel, UK. She can be contacted via email at manjitkaur1show@gmail.com

Sikhi does not see the world in terms of "us" versus "them." It teaches us to view all people as equals and to embrace the diversity that makes our world rich and beautiful. The very concept of "Sarbat da Bhala" (the well-being of all) is central to Sikh thought, emphasizing that we must work for the good of all humanity, not just for our own community or nation. This universal humanism is the antidote to the poison of hate-filled nationalism. Sikh teachings call on us to build bridges, not walls; to embrace our common vulnerabilities, our shared needs, and our mutual aspirations.

**The Need to Tear Down Borders: Physical and Mental**

The conflict between India and Pakistan is fuelled by physical borders, but perhaps more insidiously, it is also driven by mental borders, divisions in our hearts and minds that prevent us from seeing each other as human beings. These mental borders are built on centuries of fear, mistrust, and hatred, and they are perpetuated by governments and ideologies that profit from division. We must recognize that the physical borders between India and Pakistan are not the true barriers to peace. The real barriers are the walls in our minds, the prejudices, the stereotypes, the hatred that has been passed down through generations. These mental borders are just as real and just as dangerous as the lines on a map, and they are far harder to tear down.

As Sikhs, we believe that it is not only possible but essential to tear down these borders. The teachings of Guru Nanak and the Sikh Gurus encourage us to see beyond national identities, religious affiliations, and ethnic divisions. They urge us to recognize the fundamental equality of all people, regardless of their background, and to treat one another with love, respect, and compassion.

**Let's not add fuel to the fire!**

In the midst of these geopolitical tensions, there are groups like Sikhs for Justice (SFJ) who believe that the current conflict between India and Pakistan might somehow benefit the Sikh community in their quest to establish an independent Sikh state, Khalistan. The Middle East Research Institute (MEMRI) published an article on 7th May 2025 where they report that Gurpatwant Singh Pannun, the head of SFJ, "told a Pakistani television channel that Sikhs will defend Pakistan in the case of attack by India". Such wild threatening comments, as well as being contrary to Sikh ethics, are likely, if anything to make the lives of Sikhs in the region even more precarious.

While we acknowledge that the pain and suffering caused by the 1984 anti-Sikh genocide and other injustices should not be ignored, the idea that the break-up of India and Pakistan and the creation of the imaginary state of Khalistan will lead to peace is dangerously misguided. Such ideas fail to recognize the complex historical realities that demonstrate the consequences of partition and balkanization.

The historical examples of Yugoslavia, Ukraine, the Middle East and other former Soviet states provide stark warnings. The breakup of Yugoslavia into smaller, ethnically defined states led to brutal conflicts, ethnic cleansing, and decades of instability. Similarly, the ongoing tensions in Ukraine and the former Soviet states show that creating new national borders does not always lead to peace; it can often deepen existing divisions and lead to even greater suffering. And as for the Middle East, with various wars and conflicts all we can see is bloodshed and turmoil. Nationalism, mixed with religion is indeed a very poisonous mixture.

The most compelling example, however, is Western Europe, which offers a clear counter-narrative to the idea of balkanization. After the devastation of World War II, European nations, which had been at war for centuries, came together to form powerful transnational structures, such as the European Union and NATO. This cooperation, founded on mutual respect and shared goals, has created a region where nations that were once enemies now work together for collective prosperity and peace.

While Sikhs like any other community in the world have a legal right to self- determination, there is a big gap between exercising this basic human right wherever one may be living, and the case for separatism. Especially at this current moment, instead of seeking division, we must embrace unity, not only between India and Pakistan but across the entire region. A fragmented, divided South Asia would only perpetuate the cycles of violence and hatred. It would serve no one's interests, not the Sikhs, not the Hindus, not the Muslims, nor the future generations who will inherit these borders.

**Embracing Humanism**

The violence in Kashmir, much like similar conflicts the world over, is symptomatic the failure to recognize our common humanity. We, as Sikhs, must reject all ideology of division and hatred. That means doubling our commitment to the universal and humanist teachings of Sikhism. We cannot afford to allow nationalism and religious extremism to dictate our futures. It is therefore time to break the cycle of hate and violence and to build a future based on mutual respect and understanding. We call on the people of India and Pakistan, on Muslim, Sikh, Hindu and those without any faith allegiance to reject the ideologies of hate and division. Let to say to those who use religion to justify violence, stop bringing our great faith traditions into disrepute. Let us work together to build a future where we can all live in peace, security and dignity.

ਪੰਜਾਬੀ ਤਰਜਮਾ

# ਕਸ਼ਮੀਰ ਸੰਘਰਸ਼: ਸਿੱਖ ਨਜ਼ਰੀਏ ਤੋਂ ਨੁਕਸਾਨ, ਰਾਸ਼ਟਰਵਾਦ ਅਤੇ ਏਕਤਾ

**ਹਾਲ** ਹੀ ਵਿੱਚ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ, ਜਿਸ ਵਿੱਚ 26 ਨਿਰਦੋਸ਼ ਹਿੰਦੂ ਸੈਲਾਨੀਆਂ ਦੀ ਮੌਤ ਹੋਈ ਅਤੇ 10 ਹੋਰ ਜ਼ਖਮੀ ਹੋਏ, ਨੇ ਇੱਕ ਵਾਰ ਫਿਰ ਇਸ ਖੇਤਰ ਉੱਤੇ ਹਨੇਰਾ ਛਾ ਦਿੱਤਾ ਹੈ। ਪਹਿਲਗਾਮ ਦੇ ਨੇੜੇ ਸੈਰ-ਸਪਾਟਾ ਸਥਾਨ ਬੈਸਰਨ ਵਾਦੀ ਵਿੱਚ ਹੋਏ ਇਸ ਹਮਲੇ ਨੇ ਇੱਕ ਵਾਰ ਫਿਰ ਯਾਦ ਦਿਵਾਇਆ ਹੈ ਕਿ ਇਸ ਖੇਤਰ ਵਿੱਚ ਹਿੰਸਾ ਜਾਰੀ ਹੈ ਅਤੇ ਸ਼ਾਂਤੀ ਕਿੰਨੀ ਨਾਜ਼ੁਕ ਹੈ। ਇਹ ਹਮਲਾ, ਕਈ ਤਰੀਕਿਆਂ ਨਾਲ, ਚਿੱਤੀਸਿੰਘਪੁਰਾ ਕਤਲੇਆਮ ਦੀ ਦੁਖਦਾਈ ਯਾਦ ਨੂੰ ਤਾਜ਼ਾ ਕਰਦਾ ਹੈ, ਜਿੱਥੇ 20 ਮਾਰਚ, 2000 ਨੂੰ ਅਨੰਤਨਾਗ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਅੱਤਵਾਦੀਆਂ ਨੇ 36 ਸਿੱਖਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਸੀ। ਇਹ ਕਤਲੇਆਮ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫੇਰੀ ਤੋਂ ਕੁਝ ਦਿਨ ਪਹਿਲਾਂ ਹੋਇਆ ਸੀ, ਜਿਸ ਨੇ ਇਸ ਸੰਘਰਸ਼ ਦੀ ਗੰਭੀਰਤਾ ਅਤੇ ਨਿਰਦੋਸ਼ ਜਾਨਾਂ ਦੇ ਨੁਕਸਾਨ ਨੂੰ ਉਜਾਗਰ ਕੀਤਾ ਸੀ। ਇਹ ਵਿਆਪਕ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਇਹ ਕਤਲੇਆਮ ਖੇਤਰ ਦੀ ਭੂ-ਰਾਜਨੀਤੀ ਦਾ ਨਤੀਜਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV




ਸਿੱਖਾਂ ਲਈ, ਇਹ ਤ੍ਰਾਸਦੀ ਬਹੁਤ ਡੂੰਘੀ ਛਾਪ ਛੱਡਦੀ ਹੈ। ਚਿੱਤੀਸਿੰਘਪੁਰਾ ਕਤਲੇਆਮ, ਜਿਵੇਂ ਕਿ ਹਾਲ ਹੀ ਦਾ ਪਹਿਲਗਾਮ ਹਮਲਾ, ਕਸ਼ਮੀਰ ਵਿੱਚ ਅੱਤਵਾਦ ਅਤੇ ਸੰਪਰਦਾਇਕ ਹਿੰਸਾ ਦੇ ਵਿਨਾਸ਼ਕਾਰੀ ਪ੍ਰਭਾਵ ਨੂੰ ਦਰਸਾਉਂਦਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਨਾਗਰਿਕ, ਚਾਹੇ ਉਹ ਕਿਸੇ ਵੀ ਧਰਮ ਜਾਂ ਪਿਛੋਕੜ ਦੇ ਹੋਣ, ਸਿਆਸੀ ਅਤੇ ਧਾਰਮਿਕ ਸੰਘਰਸ਼ ਦੀ ਅੱਗ ਵਿੱਚ ਫਸਦੇ ਰਹਿੰਦੇ ਹਨ। ਚਿੱਤੀਸਿੰਘਪੁਰਾ ਦੀਆਂ ਯਾਦਾਂ ਸੰਘਰਸ਼ ਦੀ ਮਨੁੱਖੀ ਕੀਮਤ ਨੂੰ ਉਜਾਗਰ ਕਰਦੀਆਂ ਹਨ ਅਤੇ ਇਸ ਖੇਤਰ ਵਿੱਚ ਸ਼ਾਂਤੀ ਅਤੇ ਏਕਤਾ ਦੀ ਤੁਰੰਤ ਲੋੜ ਨੂੰ ਰੇਖਾਂਕਿਤ ਕਰਦੀਆਂ ਹਨ।

ਸਾਡੇ ਲਈ, ਸਿੱਖਾਂ ਵਜੋਂ, ਪਹਿਲਗਾਮ ਹਮਲਾ ਸਿਰਫ਼ ਇੱਕ ਖ਼ਬਰ ਨਹੀਂ ਹੈ; ਇਹ ਇੱਕ ਵੱਡੀ ਅਤੇ ਡੂੰਘੀ ਸਮੱਸਿਆ ਦਾ ਦੁਖਦਾਈ ਪ੍ਰਤੀਬਿੰਬ ਹੈ ਜਿਸ ਨੇ ਦਹਾਕਿਆਂ ਤੋਂ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਪ੍ਰੇਸ਼ਾਨ ਕੀਤਾ ਹੈ। ਕਸ਼ਮੀਰ ਵਿੱਚ ਹਿੰਸਾ, ਚਰਮਪੰਥੀ ਅੱਤਵਾਦ ਦਾ ਵਾਧਾ, ਅਤੇ ਸਰਹੱਦ ਦੇ ਦੋਵਾਂ ਪਾਸਿਆਂ ’ਤੇ ਰਾਸ਼ਟਰਵਾਦ ਦੀ ਗਹਿਰਾਈ ਇੱਕ ਨਾਜ਼ੁਕ ਮੁੱਦੇ ਵੱਲ ਇਸ਼ਾਰਾ ਕਰਦੀ ਹੈ: ਨਫ਼ਰਤ ਨਾਲ ਭਰੇ ਰਾਸ਼ਟਰਵਾਦ ਦਾ ਵਾਧਾ, ਚਾਹੇ ਉਹ ਪਾਕਿਸਤਾਨ ਵਿੱਚ ਸਖ਼ਤ ਇਸਲਾਮਵਾਦ ਦਾ ਉਭਾਰ ਹੋਵੇ ਜਾਂ ਭਾਰਤ ਵਿੱਚ ਹਿੰਦੂ ਰਾਸ਼ਟਰਵਾਦੀ ਏਜੰਡਾ।

ਇਸ ਲੇਖ ਵਿੱਚ, ਅਸੀਂ ਇਸ ਮੁੱਦੇ ਨੂੰ ਸਿੱਖ ਨਜ਼ਰੀਏ ਤੋਂ ਸੰਬੋਧਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜੋ ਸਾਡੇ ਗੁਰੂਆਂ ਦੀਆਂ ਸਰਵ ਵਿਆਪੀ ਸਿੱਖਿਆਵਾਂ - ਦਇਆ, ਸਮਾਨਤਾ, ਅਤੇ ਸਾਂਝੀ ਮਨੁੱਖਤਾ - ਵਿੱਚ ਨੀਹਤ ਹੈ। ਅਸੀਂ ਉਨ੍ਹਾਂ ਵਿਭਾਜਕ ਵਿਚਾਰਧਾਰਾਵਾਂ ਦੇ ਸਖ਼ਤ ਵਿਰੋਧ ਵਿੱਚ ਖੜ੍ਹੇ ਹਾਂ ਜੋ ਨਿਰਦੋਸ਼ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਰਹੀਆਂ ਹਨ। ਅਸੀਂ ਮੰਨਦੇ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਬਣਾਉਟੀ ਸਰਹੱਦਾਂ, ਭਾਵੇਂ ਸਰੀਰਕ ਹੋਣ ਜਾਂ ਮਾਨਸਿਕ, ਨੂੰ ਪਾਰ ਕਰੀਏ ਅਤੇ ਸਾਡੀ ਸਾਂਝੀ ਮਨੁੱਖਤਾ ਅਤੇ ਸਮੂਹਿਕ ਕਮਜ਼ੋਰੀਆਂ ’ਤੇ ਧਿਆਨ ਕੇਂਦਰਿਤ ਕਰੀਏ।

### ਰਾਸ਼ਟਰਵਾਦ ਦੀ ਗਹਿਰਾਈ: ਇੱਕ ਖਤਰਨਾਕ ਰਾਹ

ਰਾਸ਼ਟਰਵਾਦ ਨੇ ਹਮੇਸ਼ਾ ਭਾਰਤ-ਪਾਕਿਸਤਾਨ ਸੰਘਰਸ਼ ਵਿੱਚ ਭੂਮਿਕਾ ਨਿਭਾਈ ਹੈ, ਪਰ ਹਾਲ ਦੇ ਸਾਲਾਂ ਵਿੱਚ, ਅਸੀਂ ਇੱਕ ਖਤਰਨਾਕ ਤਬਦੀਲੀ ਦੇ ਸਾਖੀ ਹੋਏ ਹਾਂ। ਸਰਹੱਦ ਦੇ ਦੋਵਾਂ ਪਾਸਿਆਂ ’ਤੇ, ਰਾਸ਼ਟਰਵਾਦ ਨੇ ਇੱਕ ਹੋਰ ਚਰਮ ਰੂਪ ਧਾਰਨ ਕੀਤਾ ਹੈ, ਜੋ ਏਕਤਾ ਦੀ ਬਜਾਏ ਨਫ਼ਰਤ ਅਤੇ ਵੰਡ ’ਤੇ ਅਧਾਰਤ ਹੈ। ਭਾਰਤ ਵਿੱਚ, ਹਿੰਦੂਤਵ ਦਾ ਉਭਾਰ ਅਤੇ ਹਿੰਦੂ ਸੱਜੇ-ਪੱਖੀ ਏਜੰਡੇ ਦੀ ਵਧਦੀ ਪ੍ਰਮੁੱਖਤਾ ਨੇ ਅਸਹਿਣਸ਼ੀਲਤਾ ਦੀ ਅੱਗ ਨੂੰ ਹੋਰ ਭੜਕਾਇਆ ਹੈ। ਪਾਕਿਸਤਾਨ ਵਿੱਚ, ਸਖ਼ਤ ਇਸਲਾਮੀਆਂ ਦਾ ਵਧਦਾ ਪ੍ਰਭਾਵ ਇੱਕ ਅਜਿਹੇ ਰਾਸ਼ਟਰਵਾਦ ਵੱਲ ਲੈ ਗਿਆ ਹੈ ਜੋ ਨਾ ਸਿਰਫ਼ ਗੈਰ-ਮੁਸਲਿਮ ਘੱਟ-ਗਿਣਤੀਆਂ ਦੇ ਅਧਿਕਾਰਾਂ ਅਤੇ ਸਨਮਾਨ ਨੂੰ ਨਜ਼ਰਅੰਦਾਜ਼ ਕਰਦਾ ਹੈ, ਸਗੋਂ ਮੱਧਮ ਮੁਸਲਿਮਾਨਾਂ ਨੂੰ ਵੀ।

ਅੱਜ ਜੋ ਰਾਸ਼ਟਰਵਾਦ ਅਸੀਂ ਵੇਖ ਰਹੇ ਹਾਂ, ਉਹ ਏਕਤਾ, ਸਹਿਯੋਗ, ਜਾਂ ਆਪਸੀ ਸਤਿਕਾਰ ਦਾ ਰਾਸ਼ਟਰਵਾਦ ਨਹੀਂ ਹੈ। ਇਹ ਇੱਕ ਅਜਿਹਾ ਰਾਸ਼ਟਰਵਾਦ ਹੈ ਜੋ ਡਰ, ਬਾਹਰ ਕੱਢਣ, ਅਤੇ ਨਫ਼ਰਤ ’ਤੇ ਪ੍ਰਫੁੱਲਤ ਹੁੰਦਾ ਹੈ। ਇਹ ਇੱਕ ਅਜਿਹਾ ਰਾਸ਼ਟਰਵਾਦ ਹੈ ਜੋ “ਦੂਜੇ” ਨੂੰ ਦੈਂਤ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਚਾਹੇ ਉਹ ਦੂਜਾ ਮੁਸਲਮਾਨ, ਹਿੰਦੂ, ਸਿੱਖ, ਜਾਂ ਕੋਈ ਵੀ ਹੋਵੇ ਜੋ ਇੱਕ ਸੰਕੀਰਣ ਵਿਚਾਰਧਾਰਕ ਢਾਂਚੇ ਵਿੱਚ ਫਿੱਟ ਨਹੀਂ ਹੁੰਦਾ। ਇਸ ਕਿਸਮ ਦਾ ਰਾਸ਼ਟਰਵਾਦ ਬਹੁਤ ਹਾਨੀਕਾਰਕ ਹੈ। ਇਹ ਸਾਨੂੰ ਇੱਕ ਦੂਜੇ ਨੂੰ ਗੁਆਂਢੀਆਂ ਦੀ ਬਜਾਏ ਦੁਸ਼ਮਣ ਵਜੋਂ ਵੇਖਣਾ ਸਿਖਾਉਂਦਾ ਹੈ। ਇਹ ਉਨ੍ਹਾਂ ਨਕਲੀ ਵੰਡਾਂ ਨੂੰ ਮਜ਼ਬੂਤ ਕਰਦਾ ਹੈ ਜਿਨ੍ਹਾਂ ਨੇ ਸਾਡੇ ਸਾਂਝੇ ਇਤਿਹਾਸ ਵਿੱਚ ਇੰਨੀ ਦੁੱਖ ਅਤੇ ਪੀੜਾ ਪੈਦਾ ਕੀਤੀ ਹੈ।


ਸਿੱਖਾਂ ਵਜੋਂ, ਅਸੀਂ ਇਸ ਰਾਸ਼ਟਰਵਾਦ ਦੀ ਦ੍ਰਿਸ਼ਟੀ ਨੂੰ ਰੱਦ ਕਰਦੇ ਹਾਂ। ਅਸੀਂ, ਸੁਚੇਤ ਮਨ ਨਾਲ, ਕਿਸੇ ਵੀ ਵਿਚਾਰਧਾਰਾ ਦਾ ਸਮਰਥਨ ਨਹੀਂ ਕਰ ਸਕਦੇ ਜੋ ਨਫ਼ਰਤ, ਅਸਹਿਣਸ਼ੀਲਤਾ, ਜਾਂ ਦੂਜਿਆਂ ਦੇ ਅਮਾਨਵੀਕਰਨ ਨੂੰ ਉਤਸ਼ਾਹਿਤ ਕਰਦੀ ਹੋਵੇ। ਅਸੀਂ 1947 ਵਿੱਚ ਭਾਰਤ ਦੀ ਵੰਡ ਦੌਰਾਨ ਵੰਡ ਅਤੇ ਹਿੰਸਾ ਦੀਆਂ ਭਿਆਨਕਤਾਵਾਂ ਨੂੰ ਵੇਖਿਆ ਹੈ, ਜਦੋਂ ਪਰਿਵਾਰ ਵਿਛੜ ਗਏ, ਅਤੇ ਜ਼ਿੰਦਗੀਆਂ ਹਿੰਸਾ ਨਾਲ ਤਬਾਹ ਹੋ ਗਈਆਂ। ਅਸੀਂ ਵੇਖਿਆ ਹੈ ਕਿ ਕਿਵੇਂ ਰਾਸ਼ਟਰਵਾਦੀ ਵਿਚਾਰਧਾਰਾਵਾਂ, ਚਾਹੇ ਧਾਰਮਿਕ ਹੋਣ ਜਾਂ ਸਿਆਸੀ, ਨੇ ਲੋਕਾਂ ਨੂੰ ਝੂਠੀ ਉੱਤਮਤਾ ਜਾਂ ਪਛਾਣ ਦੇ ਨਾਮ ’ਤੇ ਜਾਂ ਆਪਣੇ ਧਰਮ ਦੀ ਸੇਵਾ ਵਿੱਚ ਅੱਤਿਆਚਾਰ ਕਰਨ ਲਈ ਪ੍ਰੇਰਿਤ ਕੀਤਾ ਹੈ।

### ਸਿੱਖ ਨਜ਼ਰੀਆ: ਸਰਵ ਵਿਆਪੀ ਮਨੁੱਖਤਾਵਾਦ ਦੀ ਦ੍ਰਿਸ਼ਟੀ

ਸਿੱਖ ਗੁਰੂਆਂ ਨੇ, ਆਪਣੀਆਂ ਸਦੀਵੀ ਸਿੱਖਿਆਵਾਂ ਵਿੱਚ, ਸਾਨੂੰ ਨਫ਼ਰਤ, ਹਿੰਸਾ, ਅਤੇ ਵੰਡ ਨੂੰ ਰੱਦ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਸਾਨੂੰ ਦਿਖਾਇਆ ਹੈ ਕਿ ਸਾਡੀ ਸਾਂਝੀ ਮਨੁੱਖਤਾ ਉਨ੍ਹਾਂ ਨਕਲੀ ਰੇਖਾਵਾਂ ਨਾਲੋਂ ਕਿਤੇ ਵੱਡੀ ਹੈ ਜੋ ਸਾਨੂੰ ਵੰਡਦੀਆਂ ਹਨ। ਸਿੱਖੀ ਦੇ ਸੰਸਥਾਪਕ ਗੁਰੂ ਨਾਨਕ ਨੇ ਸਿੱਖਿਆ ਦਿੱਤੀ ਕਿ ਇੱਕ ਸਿਰਜਣਹਾਰ ਹੈ, ਅਤੇ ਸਾਰੇ ਮਨੁੱਖ, ਚਾਹੇ ਉਹ ਕਿਸੇ ਵੀ ਧਰਮ, ਨਸਲ, ਜਾਂ ਰਾਸ਼ਟਰੀਅਤਾ ਦੇ ਹੋਣ, ਰੱਬ ਦੀ ਨਜ਼ਰ ਵਿੱਚ ਬਰਾਬਰ ਹਨ। “ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ,” ਉਨ੍ਹਾਂ ਨੇ ਮਸ਼ਹੂਰ ਤੌਰ ’ਤੇ ਕਿਹਾ, ਜੋ ਧਾਰਮਿਕ ਅਤੇ ਸਭਿਆਚਾਰਕ ਵੰਡਾਂ ਦੀ ਮੂਰਖਤਾ ਵੱਲ ਇਸ਼ਾਰਾ ਕਰਦਾ ਹੈ ਜੋ ਸਾਨੂੰ ਵੰਡਣ ਦੀ ਕੋਸ਼ਿਸ਼ ਕਰਦੀਆਂ ਹਨ।

ਸਿੱਖੀ ਸੰਸਾਰ ਨੂੰ “ਸਾਡੇ” ਬਨਾਮ “ਉਨ੍ਹਾਂ” ਦੇ ਰੂਪ ਵਿੱਚ ਨਹੀਂ ਵੇਖਦੀ। ਇਹ ਸਾਨੂੰ ਸਾਰਿਆਂ ਨੂੰ ਬਰਾਬਰ ਵਜੋਂ ਵੇਖਣ ਅਤੇ ਸਾਡੇ ਸੰਸਾਰ ਨੂੰ ਅਮੀਰ ਅਤੇ ਸੁੰਦਰ ਬਣਾਉਣ ਵਾਲੀ ਵਿਭਿੰਨਤਾ ਨੂੰ ਅਪਣਾਉਣ ਦੀ ਸਿੱਖਿਆ ਦਿੰਦੀ ਹੈ। “ਸਰਬੱਤ ਦਾ ਭਲਾ” (ਸਾਰਿਆਂ ਦੀ ਭਲਾਈ) ਦਾ ਸੰਕਲਪ ਸਿੱਖ ਵਿਚਾਰਧਾਰਾ ਦਾ ਕੇਂਦਰੀ ਹੈ, ਜੋ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਸਾਨੂੰ ਸਿਰਫ਼ ਆਪਣੇ ਸਮੁਦਾਏ ਜਾਂ ਰਾਸ਼ਟਰ ਲਈ ਨਹੀਂ, ਸਗੋਂ ਸਾਰੀ ਮਨੁੱਖਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਹ ਸਰਵ ਵਿਆਪੀ ਮਨੁੱਖਤਾਵਾਦ ਨਫ਼ਰਤ ਨਾਲ ਭਰੇ ਰਾਸ਼ਟਰਵਾਦ ਦੇ ਜ਼ਿਹਰ ਦਾ ਇਲਾਜ ਹੈ। ਸਿੱਖ ਸਿੱਖਿਆਵਾਂ ਸਾਨੂੰ ਪੁਲ ਬਣਾਉਣ, ਨਾ ਕਿ ਦੀਵਾਰਾਂ ਖੜ੍ਹੀਆਂ ਕਰਨ; ਸਾਡੀਆਂ ਸਾਂਝੀਆਂ ਕਮਜ਼ੋਰੀਆਂ, ਸਾਂਝੀਆਂ ਜ਼ਰੂਰਤਾਂ, ਅਤੇ ਸਾਂਝੀਆਂ ਇੱਛਾਵਾਂ ਨੂੰ ਅਪਣਾਉਣ ਦਾ ਸੱਦਾ ਦਿੰਦੀਆਂ ਹਨ।

**GURNAM SINGH** is an academic activist dedicated to human rights, liberty, equality, social and environmental justice. He is an Associate Professor of Sociology at University of Warwick, UK. He can be contacted at Gurnam.singh.1@warwick.ac.uk





**MANJIT KAUR** a UK-based therapist and counsellor, is a presenter at the 1 Show Live at Panjab Broadcasting Channel, UK. She can be contacted via email at manjitkaur1show@gmail.com

### ਸਰਹੱਦਾਂ ਨੂੰ ਤੋੜਨ ਦੀ ਲੋੜ: ਸਰੀਰਕ ਅਤੇ ਮਾਨਸਿਕ

ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਘਰਸ਼ ਸਰੀਰਕ ਸਰਹੱਦਾਂ ਦੁਆਰਾ ਭੜਕਦਾ ਹੈ, ਪਰ ਸ਼ਾਇਦ ਵਧੇਰੇ ਗੰਭੀਰਤਾ ਨਾਲ, ਇਹ ਮਾਨਸਿਕ ਸਰਹੱਦਾਂ ਦੁਆਰਾ ਵੀ ਸੰਚਾਲਿਤ ਹੁੰਦਾ ਹੈ, ਜੋ ਸਾਡੇ ਦਿਲਾਂ ਅਤੇ ਮਨਾਂ ਵਿੱਚ ਵੰਡ ਪੈਦਾ ਕਰਦੀਆਂ ਹਨ ਅਤੇ ਸਾਨੂੰ ਇੱਕ ਦੂਜੇ ਨੂੰ ਮਨੁੱਖ ਵਜੋਂ ਵੇਖਣ ਤੋਂ ਰੋਕਦੀਆਂ ਹਨ। ਇਹ ਮਾਨਸਿਕ ਸਰਹੱਦਾਂ ਸਦੀਆਂ ਦੇ ਡਰ, ਅਵਿਸ਼ਵਾਸ, ਅਤੇ ਨਫ਼ਰਤ ’ਤੇ ਬਣੀਆਂ ਹਨ, ਅਤੇ ਇਹ ਸਰਕਾਰਾਂ ਅਤੇ ਵਿਚਾਰਧਾਰਾਵਾਂ ਦੁਆਰਾ ਕਾਇਮ ਰੱਖੀਆਂ ਜਾਂਦੀਆਂ ਹਨ ਜੋ ਵੰਡ ਤੋਂ ਲਾਭ ਉਠਾਉਂਦੀਆਂ ਹਨ।

ਸਾਨੂੰ ਮੰਨਣਾ ਚਾਹੀਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰੀਰਕ ਸਰਹੱਦਾਂ ਸ਼ਾਂਤੀ ਦੀਆਂ ਅਸਲ ਰੁਕਾਵਟਾਂ ਨਹੀਂ ਹਨ। ਅਸਲ ਰੁਕਾਵਟਾਂ ਸਾਡੇ ਮਨਾਂ ਵਿੱਚ ਹਨ, ਪੂਰਵ-ਧਾਰਨਾਵਾਂ, ਸਟੀਰੀਓਟਾਈਪਸ, ਅਤੇ ਨਫ਼ਰਤ ਜੋ ਪੀੜ੍ਹੀਆਂ ਤੋਂ ਪੀੜ੍ਹੀਆਂ ਵਿੱਚ ਚਲੀ ਆ ਰਹੀ ਹੈ। ਇਹ ਮਾਨਸਿਕ ਸਰਹੱਦਾਂ ਨਕਸ਼ੇ ਦੀਆਂ ਰੇਖਾਵਾਂ ਜਿੰਨੀਆਂ ਹੀ ਅਸਲ ਅਤੇ ਜਿੰਨੀਆਂ ਹੀ ਖਤਰਨਾਕ ਹਨ, ਅਤੇ ਇਨ੍ਹਾਂ ਨੂੰ ਤੋੜਨਾ ਕਿਤੇ ਜ਼ਿਆਦਾ ਮੁਸ਼ਕਲ ਹੈ।

ਸਿੱਖਾਂ ਵਜੋਂ, ਅਸੀਂ ਮੰਨਦੇ ਹਾਂ ਕਿ ਇਨ੍ਹਾਂ ਸਰਹੱਦਾਂ ਨੂੰ ਤੋੜਨਾ ਨਾ ਸਿਰਫ਼ ਸੰਭਵ ਹੈ ਸਗੋਂ ਜ਼ਰੂਰੀ ਵੀ ਹੈ। ਗੁਰੂ ਨਾਨਕ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਸਾਨੂੰ ਰਾਸ਼ਟਰੀ ਪਛਾਣਾਂ, ਧਾਰਮਿਕ ਸੰਬੰਧਾਂ, ਅਤੇ ਨਸਲੀ ਵੰਡਾਂ ਤੋਂ ਪਾਰ ਵੇਖਣ ਲਈ ਪ੍ਰੇਰਿਤ ਕਰਦੀਆਂ ਹਨ। ਉਹ ਸਾਨੂੰ ਸਾਰੇ ਲੋਕਾਂ ਦੀ ਬੁਨਿਆਦੀ ਸਮਾਨਤਾ ਨੂੰ ਮੰਨਣ ਅਤੇ ਇੱਕ ਦੂਜੇ ਨਾਲ ਪਿਆਰ, ਸਤਿਕਾਰ, ਅਤੇ ਦਇਆ ਨਾਲ ਵਿਵਹਾਰ ਕਰਨ ਦੀ ਪ੍ਰੇਰਣਾ ਦਿੰਦੀਆਂ ਹਨ।

### ਅੱਗ ਵਿੱਚ ਤੇਲ ਨਾ ਪਾਓ !

ਭੂ-ਰਾਜਨੀਤਕ ਤਣਾਅ ਦੇ ਵਿਚਕਾਰ, ਸਿੱਖਸ ਫਾਰ ਜਸਟਿਸ (ਐਸਐਫਜੇ) ਵਰਗੇ ਸਮੂਹ ਮੰਨਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਮੌਜੂਦਾ ਸੰਘਰਸ਼ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੇ ਇੱਕ ਸੁਤੰਤਰ ਸਿੱਖ ਰਾਜ, ਖਾਲਿਸਤਾਨ, ਸਥਾਪਤ ਕਰਨ ਦੀ ਖੋਜ ਵਿੱਚ ਕਿਸੇ ਤਰ੍ਹਾਂ ਲਾਭ ਪਹੁੰਚਾ ਸਕਦਾ ਹੈ। ਮਿਡਲ ਈਸਟ ਰਿਸਰਚ ਇੰਸਟੀਟਿਊਟ (MEMRI) ਨੇ 7 ਮਈ 2025 ਨੂੰ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਉਨ੍ਹਾਂ ਨੇ ਰਿਪੋਰਟ ਕੀਤਾ ਕਿ SFJ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ “ਇੱਕ ਪਾਕਿਸਤਾਨੀ ਟੈਲੀਵਿਜ਼ਨ ਚੈਨਲ ਨੂੰ ਕਿਹਾ ਕਿ ਜੇ ਭਾਰਤ ਵੱਲੋਂ ਹਮਲਾ ਹੋਇਆ ਤਾਂ ਸਿੱਖ ਪਾਕਿਸਤਾਨ ਦੀ ਰੱਖਿਆ ਕਰਨਗੇ।” ਅਜਿਹੇ ਜੰਗਲੀ ਅਤੇ ਧਮਕੀ ਭਰੇ ਬਿਆਨ, ਸਿੱਖ ਨੈਤਿਕਤਾ ਦੇ ਵਿਰੁੱਧ ਹੋਣ ਦੇ ਨਾਲ-ਨਾਲ, ਸੰਭਾਵਤ ਤੌਰ ’ਤੇ ਖੇਤਰ ਵਿੱਚ ਸਿੱਖਾਂ ਦੀ ਜ਼ਿੰਦਗੀ ਨੂੰ ਹੋਰ ਵੀ ਅਸੁਰੱਖਿਅਤ ਕਰ ਸਕਦੇ ਹਨ।

ਹਾਲਾਂਕਿ ਅਸੀਂ ਮੰਨਦੇ ਹਾਂ ਕਿ 1984 ਦੇ ਸਿੱਖ ਵਿਰੋਧੀ ਨਸਲਕੁਸ਼ੀ ਅਤੇ ਹੋਰ ਅਨਿਆਂਆਂ ਕਾਰਨ ਹੋਏ ਦੁੱਖ ਅਤੇ ਪੀੜ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਪਰ ਇਹ ਵਿਚਾਰ ਕਿ ਭਾਰਤ ਅਤੇ ਪਾਕਿਸਤਾਨ ਦਾ ਵਿਭਾਜਨ ਅਤੇ ਕਲਪਿਤ ਖਾਲਿਸਤਾਨ ਰਾਜ ਦੀ ਸਿਰਜਣਾ ਸ਼ਾਂਤੀ ਵੱਲ ਲੈ ਜਾਵੇਗੀ, ਖਤਰਨਾਕ ਤੌਰ ’ਤੇ ਗੁੰਮਰਾਹਕੁੰਨ ਹੈ। ਅਜਿਹੇ ਵਿਚਾਰ ਇਤਿਹਾਸਕ ਹਕੀਕਤਾਂ ਨੂੰ ਮੰਨਣ ਵਿੱਚ ਅਸਫਲ ਰਹਿੰਦੇ ਹਨ ਜੋ ਵੰਡ ਅਤੇ ਖੰਡੀਕਰਨ ਦੇ ਨਤੀਜਿਆਂ ਨੂੰ ਦਰਸਾਉਂਦੀਆਂ ਹਨ।

ਯੂਗੋਸਲਾਵੀਆ, ਯੂਕਰੇਨ, ਮੱਧ ਪੂਰਬ ਅਤੇ ਸਾਬਕਾ ਸੋਵੀਅਤ ਰਾਜਾਂ ਦੀਆਂ ਇਤਿਹਾਸਕ ਮਿਸਾਲਾਂ ਸਪੱਸ਼ਟ ਚੇਤਾਵਨੀਆਂ ਪ੍ਰਦਾਨ ਕਰਦੀਆਂ ਹਨ। ਯੂਗੋਸਲਾਵੀਆ ਦਾ ਨਸਲੀ ਤੌਰ ’ਤੇ ਪਰਿਭਾਸ਼ਿਤ ਛੋਟੇ ਰਾਜਾਂ ਵਿੱਚ ਵਿਭਾਜਨ ਨੇ ਭਿਆਨਕ ਸੰਘਰਸ਼, ਨਸਲੀ ਸਫਾਈ, ਅਤੇ ਦਹਾਕਿਆਂ ਦੀ ਅਸਥਿਰਤਾ ਨੂੰ ਜਨਮ ਦਿੱਤਾ। ਇਸੇ ਤਰ੍ਹਾਂ, ਯੂਕਰੇਨ ਅਤੇ ਸਾਬਕਾ ਸੋਵੀਅਤ ਰਾਜਾਂ ਵਿੱਚ ਚੱਲ ਰਹੀਆਂ ਤਣਾਅਗ੍ਰਸਤ ਸਥਿਤੀਆਂ ਦਰਸਾਉਂਦੀਆਂ ਹਨ ਕਿ ਨਵੀਆਂ ਰਾਸ਼ਟਰੀ ਸਰਹੱਦਾਂ ਦੀ ਸਿਰਜਣਾ ਹਮੇਸ਼ਾ ਸ਼ਾਂਤੀ ਵੱਲ ਨਹੀਂ ਲੈ ਜਾਂਦੀ; ਇਹ ਅਕਸਰ ਮੌਜੂਦਾ ਵੰਡਾਂ ਨੂੰ ਹੋਰ ਗਹਿਰਾ ਕਰਦੀ ਹੈ ਅਤੇ ਹੋਰ ਵੀ ਵੱਡੀ ਪੀੜਾ ਵੱਲ ਲੈ ਜਾਂਦੀ ਹੈ। ਅਤੇ ਮੱਧ ਪੂਰਬ ਦੀਆਂ ਵੱਖ-ਵੱਖ ਜੰਗਾਂ ਅਤੇ ਸੰਘਰਸ਼ਾਂ ਵਿੱਚ, ਅਸੀਂ ਸਿਰਫ਼ ਖ਼ੂਨਰੇਜ਼ੀ ਅਤੇ ਅਸ਼ਾਂਤੀ ਹੀ ਵੇਖ ਸਕਦੇ ਹਾਂ। ਰਾਸ਼ਟਰਵਾਦ, ਜਦੋਂ ਧਰਮ ਨਾਲ ਮਿਲਦਾ ਹੈ, ਤਾਂ ਸੱਚਮੁੱਚ ਇੱਕ ਬਹੁਤ ਜ਼ਿਹਰੀਲਾ ਮਿਸ਼ਰਣ ਹੁੰਦਾ ਹੈ।

ਸਭ ਤੋਂ ਪ੍ਰਭਾਵਸ਼ਾਲੀ ਮਿਸਾਲ, ਹਾਲਾਂਕਿ, ਪੱਛਮੀ ਯੂਰਪ ਹੈ, ਜੋ ਖੰਡੀਕਰਨ ਦੇ ਵਿਚਾਰ ਦੇ ਵਿਰੁੱਧ ਇੱਕ ਸਪੱਸ਼ਟ ਵਿਰੋਧੀ ਬਿਰਤਾਂਤ ਪੇਸ਼ ਕਰਦਾ ਹੈ। ਦੂਜੇ ਵਿਸ਼ਵ ਯੁੱਧ ਦੀ ਤਬਾਹੀ ਤੋਂ ਬਾਅਦ, ਯੂਰਪੀ ਦੇਸ਼, ਜੋ ਸਦੀਆਂ ਤੋਂ ਜੰਗ ਵਿੱਚ ਸਨ, ਯੂਰਪੀਅਨ ਯੂਨੀਅਨ ਅਤੇ ਨਾਟੋ ਵਰਗੀਆਂ ਸ਼ਕਤੀਸ਼ਾਲੀ ਅੰਤਰਰਾਸ਼ਟਰੀ ਸੰਰਚਨਾਵਾਂ ਬਣਾਉਣ ਲਈ ਇਕੱਠੇ ਹੋਏ। ਇਹ ਸਹਿਯੋਗ, ਜੋ ਆਪਸੀ ਸਤਿਕਾਰ ਅਤੇ ਸਾਂਝੇ ਟੀਚਿਆਂ ’ਤੇ ਅਧਾਰਤ ਸੀ, ਨੇ ਇੱਕ ਅਜਿਹਾ ਖੇਤਰ ਸਿਰਜਿਆ ਹੈ ਜਿੱਥੇ ਉਹ ਦੇਸ਼ ਜੋ ਕਦੇ ਦੁਸ਼ਮਣ ਸਨ, ਹੁਣ ਸਮੂਹਿਕ ਖੁਸ਼ਹਾਲੀ ਅਤੇ ਸ਼ਾਂਤੀ ਲਈ ਇਕੱਠੇ ਕੰਮ ਕਰਦੇ ਹਨ।

ਹਾਲਾਂਕਿ ਸਿੱਖਾਂ ਨੂੰ, ਜਿਵੇਂ ਕਿ ਸੰਸਾਰ ਦੇ ਕਿਸੇ ਹੋਰ ਸਮੁਦਾਏ ਨੂੰ, ਸਵੈ-ਨਿਰਣੇ ਦਾ ਕਾਨੂੰਨੀ ਅਧਿਕਾਰ ਹੈ, ਪਰ ਜਿੱਥੇ ਕੋਈ ਵੀ ਰਹਿੰਦਾ ਹੋਵੇ, ਇਸ ਬੁਨਿਆਦੀ ਮਨੁੱਖੀ ਅਧਿਕਾਰ ਦੀ ਵਰਤੋਂ ਕਰਨ ਅਤੇ ਵੱਖਵਾਦ ਦੇ ਮਾਮਲੇ ਵਿੱਚ ਇੱਕ ਵੱਡਾ ਅੰਤਰ ਹੈ। ਖਾਸ ਤੌਰ ’ਤੇ ਇਸ ਮੌਜੂਦਾ ਸਮੇਂ, ਵੰਡ ਦੀ ਮੰਗ ਕਰਨ ਦੀ ਬਜਾਏ, ਸਾਨੂੰ ਏਕਤਾ ਨੂੰ ਅਪਣਾਉਣਾ ਚਾਹੀਦਾ ਹੈ, ਨਾ ਸਿਰਫ਼ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਗੋਂ ਪੂਰੇ ਖੇਤਰ ਵਿੱਚ। ਇੱਕ ਖੰਡਿਤ, ਵੰਡਿਆ ਹੋਇਆ ਦੱਖਣੀ ਏਸ਼ੀਆ ਸਿਰਫ਼ ਹਿੰਸਾ ਅਤੇ ਨਫ਼ਰਤ ਦੇ ਚੱਕਰ ਨੂੰ ਹੀ ਜਾਰੀ ਰੱਖੇਗਾ। ਇਹ ਕਿਸੇ ਦੇ ਹਿੱਤ ਵਿੱਚ ਨਹੀਂ ਹੋਵੇਗਾ, ਨਾ ਸਿੱਖਾਂ ਦੇ, ਨਾ ਹਿੰਦੂਆਂ ਦੇ, ਨਾ ਮੁਸਲਮਾਨਾਂ ਦੇ, ਅਤੇ ਨਾ ਹੀ ਆਉਣ ਵਾਲੀਆਂ ਪੀੜ੍ਹੀਆਂ ਦੇ, ਜੋ ਇਨ੍ਹਾਂ ਸਰਹੱਦਾਂ ਨੂੰ ਵਿਰਸੇ ਵਿੱਚ ਪ੍ਰਾਪਤ ਕਰਨਗੀਆਂ।

### ਮਨੁੱਖਤਾਵਾਦ ਨੂੰ ਅਪਣਾਉਣਾ

ਕਸ਼ਮੀਰ ਵਿੱਚ ਹਿੰਸਾ, ਜਿਵੇਂ ਕਿ ਸੰਸਾਰ ਭਰ ਵਿੱਚ ਸਮਾਨ ਸੰਘਰਸ਼, ਸਾਡੀ ਸਾਂਝੀ ਮਨੁੱਖਤਾ ਨੂੰ ਮੰਨਣ ਵਿੱਚ ਅਸਫਲਤਾ ਦਾ ਲੱਛਣ ਹੈ। ਸਾਨੂੰ, ਸਿੱਖਾਂ ਵਜੋਂ, ਵੰਡ ਅਤੇ ਨਫ਼ਰਤ ਦੀ ਹਰ ਵਿਚਾਰਧਾਰਾ ਨੂੰ ਰੱਦ ਕਰਨਾ ਚਾਹੀਦਾ ਹੈ। ਇਸ ਦਾ ਮਤਲਬ ਹੈ ਸਿੱਖੀ ਦੀਆਂ ਸਰਵ ਵਿਆਪੀ ਅਤੇ ਮਨੁੱਖਤਾਵਾਦੀ ਸਿੱਖਿਆਵਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਦੁੱਗਣਾ ਕਰਨਾ। ਅਸੀਂ ਰਾਸ਼ਟਰਵਾਦ ਅਤੇ ਧਾਰਮਿਕ ਚਰਮਪੰਥ ਨੂੰ ਸਾਡੇ ਭਵਿੱਖ ਨੂੰ ਨਿਰਧਾਰਤ ਕਰਨ ਦੀ ਆਗਿਆ ਨਹੀਂ ਦੇ ਸਕਦੇ। ਇਸ ਲਈ, ਹੁਣ ਸਮਾਂ ਆ ਗਿਆ ਹੈ ਕਿ ਅਸੀਂ ਨਫ਼ਰਤ ਅਤੇ ਹਿੰਸਾ ਦੇ ਚੱਕਰ ਨੂੰ ਤੋੜੀਏ ਅਤੇ ਆਪਸੀ ਸਤਿਕਾਰ ਅਤੇ ਸਮਝ ’ਤੇ ਅਧਾਰਤ ਇੱਕ ਭਵਿੱਖ ਬਣਾਈਏ। ਅਸੀਂ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ, ਮੁਸਲਮਾਨਾਂ, ਸਿੱਖਾਂ, ਹਿੰਦੂਆਂ ਅਤੇ ਬਿਨਾਂ ਕਿਸੇ ਧਾਰਮਿਕ ਵਫ਼ਾਦਾਰੀ ਵਾਲਿਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਨਫ਼ਰਤ ਅਤੇ ਵੰਡ ਦੀਆਂ ਵਿਚਾਰਧਾਰਾਵਾਂ ਨੂੰ ਰੱਦ ਕਰਨ। ਉਨ੍ਹਾਂ ਨੂੰ, ਜੋ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਧਰਮ ਦੀ ਵਰਤੋਂ ਕਰਦੇ ਹਨ, ਅਸੀਂ ਕਹਿੰਦੇ ਹਾਂ ਕਿ ਸਾਡੀਆਂ ਮਹਾਨ ਧਾਰਮਿਕ ਪਰੰਪਰਾਵਾਂ ਨੂੰ ਬਦਨਾਮ ਕਰਨਾ ਬੰਦ ਕਰੋ। ਆਓ, ਅਸੀਂ ਮਿਲ ਕੇ ਇੱਕ ਅਜਿਹਾ ਭਵਿੱਖ ਬਣਾਈਏ ਜਿੱਥੇ ਅਸੀਂ ਸਾਰੇ ਸ਼ਾਂਤੀ, ਸੁਰੱਖਿਆ, ਅਤੇ ਸਤਿਕਾਰ ਨਾਲ ਜੀ ਸਕੀਏ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਮਦਮੀ ਟਕਸਾਲ ਨੇ

# ਭਲਾਈਪੁਰ ਪੂਰਬਾਂ ਵਿਖੇ ਸਜਾਏ ਸ਼ਹੀਦੀ ਦੀਵਾਨ



**ਚੌਕ ਮਹਿਤਾ, 9 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਚੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ।

ਜਿਸ ਦੇ ਚਲਦਿਆਂ ਅੱਜ ਪਿੰਡ ਭਲਾਈਪੁਰ ਪੂਰਬਾਂ ਵਿਖੇ ਸ਼ਾਮ ਵੇਲੇ ਦਾ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ

ਸਿੱਖ ਪੰਥ ਦੇ ਮਹਾਨ ਜਰਨੈਲ, ਸੂਰਬੀਰ ਯੋਧੇ, ਬ੍ਰਹਮਗਿਆਨੀ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਜੀਵਨ ਬਿਰਤਾਂਤ ਬਾਰੇ ਵਿਸਥਾਰ ਪੂਰਵਕ ਦੱਸਿਆ। ਉਨਾਂ ਦੱਸਿਆ ਕਿ ਕਿਵੇਂ ਬਾਬਾ ਜੀ ਨੇ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ, ਉਨਾਂ ਆਖਿਆ ਕਿ ਸੰਤ ਬਾਬਾ ਬੀਰ ਸਿੰਘ ਜੀ ਦਾ ਜੀਵਨ ਬਹੁਤ ਉੱਚਾ ਤੇ ਸੁੱਚਾ ਸੀ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਦੇ ਲੇਖੇ ਲਾਈ ਅਤੇ ਸੰਗਤ ਨੂੰ ਸ਼ਬਦ ਗੁਰੂ ਨਾਲ ਜੋੜਨਾ ਕੀਤਾ। ਦੀਵਾਨ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛੱਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ।

ਜਿਕਰਯੋਗ ਹੈ ਕਿ ਹਰ ਸਾਲ ਦੀ ਤਰਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦਾ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜਾਨਾ ਵੱਖ ਵੱਖ ਨਗਰਾਂ ਵਿਚ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ। ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ। ਇਸ ਦੌਰਾਨ ਬਾਬਾ ਗੁਰਭੇਜ ਸਿੰਘ ਖੁਜਾਲਾ ਮੁੱਖ ਬੁਲਾਰਾ ਸੰਤ ਸਮਾਜ, ਬਾਬਾ ਗੁਰਦੇਵ ਸਿੰਘ ਤਰਸਿੱਕੇ ਵਾਲੇ, ਭਾਈ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਸਰਪੰਚ ਹਰਜਿੰਦਰ ਸਿੰਘ ਜੱਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਬਲਾਕ ਰਈਆ ਦੀ ਚੋਣ ਦੌਰਾਨ

# ਗੁਰਪ੍ਰੀਤ ਸਿੰਘ ਗੋਪੀ ਨੂੰ ਚੁਣਿਆ ਪ੍ਰਧਾਨ



**ਮਹਿਤਾ ਚੌਕ, 9 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਬਲਾਕ ਰਈਆ ਦੀ ਚੋਣ ਸਾਬਕਾ ਪ੍ਰਧਾਨ ਗੁਰਦਿਆਲ ਸਿੰਘ ਦੀ ਪ੍ਰਧਾਨਗੀ ਹੇਠ ਬੀਤੇ ਦਿਨੀਂ ਸਰਬ ਸੰਮਤੀ ਨਾਲ ਕੀਤੀ ਗਈ।ਇਸ ਚੋਣ ਦੌਰਾਨ ਗੁਰਪ੍ਰੀਤ ਸਿੰਘ ਸਕੱਤਰ ਸ਼ਾਹਪੁਰ ਪ੍ਰਧਾਨ, ਸੱਜਣ ਸਿੰਘ ਸਕੱਤਰ ਬੁੱਟਰ ਸਿਵਿਆਂ ਮੀਤ ਪ੍ਰਧਾਨ, ਸੁਖਜੀਤ ਸਿੰਘ ਸਠਿਆਲਾ ਕੈਸ਼ੀਅਰ (ਖ਼ਜ਼ਾਨਚੀ) ਅਮਨਦੀਪ ਸਿੰਘ ਸਕੱਤਰ ਖੱਬੇ ਰਾਜਪੂਤਾਂ ਜਨਰਲ ਸਕੱਤਰ, ਅਮਨਬੀਰ ਸਿੰਘ ਮੈਂਬਰ ਦੀ ਚੋਣ ਕੀਤੀ ਗਈ।ਇਸ ਮੌਕੇ ਨਵਨਿਯੁਕਤ ਪ੍ਰਧਾਨ ਗੁਰਪ੍ਰੀਤ ਸਿੰਘ ਗੋਪੀ ਨੇ ਸਾਰੇ ਸਕੱਤਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜੁੰਮੇਵਾਰੀ ਸੱਕਤਰ ਸਾਥੀਆਂ ਵੱਲੋਂ ਉਸ ਨੂੰ ਸੌਂਪੀ ਗਈ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦਾ ਹੋਇਆ ਉਨ੍ਹਾਂ ਦੀਆਂ ਆਸਾਂ ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ।ਇਸ ਮੌਕੇ ਸੱਕਤਰ ਨਵਤੇਜ ਸਿੰਘ ਕਲੇਰ ਘੁਮਾਣ, ਸੱਕਤਰ ਸੱਜਣ ਸਿੰਘ, ਸੱਕਤਰ ਅਵਤਾਰ ਸਿੰਘ ਗੱਗੜਭਾਣਾ, ਸੱਕਤਰ ਗੁਰਪ੍ਰੀਤ ਸਿੰਘ ਸ਼ਾਹਪੁਰ, ਸੱਕਤਰ ਗੁਰਦਿਆਲ ਸਿੰਘ ਲੱਖੂਵਾਲ, ਸੱਕਤਰ ਜਗਤਾਰ ਸਿੰਘ ਫੇਰੂਮਾਨ, ਸੱਕਤਰ ਸ਼ਮਸ਼ੇਰ ਸਿੰਘ ਮਹਿਤਾ, ਸੱਕਤਰ ਗੁਰਪ੍ਰਤਾਪ ਸਿੰਘ ਸਠਿਆਲਾ, ਸੱਕਤਰ ਅਮਨਦੀਪ ਸਿੰਘ ਖੱਬੇ ਰਾਜਪੂਤਾਂ, ਸੱਕਤਰ ਅਮਨਬੀਰ ਸਿੰਘ ਸੁਧਾਰ ਰਾਜਪੂਤਾਂ , ਸੱਕਤਰ ਤਜਿੰਦਰ ਸਿੰਘ ਲੋਹਗੜ੍ਹ, ਸੱਕਤਰ ਜਗਪ੍ਰੀਤ ਸਿੰਘ ਬੁਤਾਲਾ, ਸੱਕਤਰ ਸੁਖਪਾਲ ਸਿੰਘ ਨੰਗਲੀ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਰਤ ਅਤੇ ਪਾਕਿਸਤਾਨ ਆਪਣੇ ਮਤਭੇਦਾਂ ਨੂੰ ਸ਼ਾਂਤੀਪੂਰਵਕ ਹੱਲ ਕਰਨ ਲਈ ਕੂਟਨੀਤੀ ਅਤੇ ਗੱਲਬਾਤ ਨੂੰ ਤਰਜੀਹ ਦੇਣ: ਇੰਦਰਜੀਤ ਸਿੰਘ ਵਿਕਾਸਪੁਰੀ



ਨਵੀਂ ਦਿੱਲੀ 9 ਮਈ (ਮਨਪ੍ਰੀਤ ਸਿੰਘ ਖਾਲਸਾ):- ਤੇਰਾ ਆਸਾ ਵੈਲਫ਼ੇਰ ਦੇ ਮੁੱਖੀ ਭਾਈ ਇੰਦਰਜੀਤ ਸਿੰਘ ਵਿਕਾਸਪੁਰੀ ਨੇ ਭਾਰਤ ਪਾਕਿਸਤਾਨ ਦੇ ਚਲ ਰਹੇ ਜੰਗ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਾ ਵੀ ਲੜਾਈ ਨੇ ਸੱਚਮੁੱਚ ਦੋਵਾਂ ਪਾਸਿਆਂ ਦੇ ਮਾਸੂਮ ਲੋਕਾਂ ਲਈ ਬਹੁਤ ਦੁੱਖ ਝੱਲੇ ਹਨ। ਇਸ ਟਕਰਾਅ ਕਾਰਨ ਪਹਿਲਾਂ ਵੀ ਜਾਨਾਂ ਦਾ ਨੁਕਸਾਨ, ਵਿਸਥਾਪਨ ਅਤੇ ਆਰਥਿਕ ਤੰਗੀ ਹੋਈ ਹੈ। ਔਰਤਾਂ ਅਤੇ ਬੱਚਿਆਂ ਸਮੇਤ ਮਾਸੂਮ ਨਾਗਰਿਕਾਂ ਨੇ ਸਰਹੱਦ ਪਾਰ ਗੋਲੀਬਾਰੀ, ਬੰਬ ਧਮਾਕਿਆਂ ਅਤੇ ਹੋਰ ਹਿੰਸਕ ਘਟਨਾਵਾਂ ਵਿੱਚ ਆਪਣੀਆਂ ਜਾਨਾਂ ਗੁਆ ਦਿੱਤੀਆਂ ਸਨ। ਟਕਰਾਅ ਕਾਰਨ ਬਹੁਤ ਸਾਰੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ, ਜਿਸ ਕਾਰਨ ਵੱਡੀ ਗਿਣਤੀ ਵਿੱਚ ਅੰਦਰੂਨੀ ਤੌਰ 'ਤੇ ਵਿਸਥਾਪਿਤ ਵਿਅਕਤੀ ਹੋਏ ਸਨ। ਟਕਰਾਅ ਨੇ ਵਪਾਰ, ਵਣਜ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਵਿਘਨ ਪਾਇਆ ਹੈ, ਜਿਸ ਕਾਰਨ ਦੋਵਾਂ ਪਾਸਿਆਂ ਦੇ ਲੋਕਾਂ ਲਈ ਆਰਥਿਕ ਤੰਗੀ ਹੋਈ ਹੈ। ਦੋਵਾਂ ਦੇਸ਼ਾਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਮਤਭੇਦਾਂ ਨੂੰ ਸ਼ਾਂਤੀਪੂਰਵਕ ਹੱਲ ਕਰਨ ਲਈ ਕੂਟਨੀਤੀ ਅਤੇ ਗੱਲਬਾਤ ਨੂੰ ਤਰਜੀਹ ਦੇਣ। ਅੰਤਰਰਾਸ਼ਟਰੀ ਸੰਗਠਨ ਅਤੇ ਵਿਸ਼ਵ ਨੇਤਾ ਇਸ ਪ੍ਰਕਿਰਿਆ ਨੂੰ ਸੁਲਝਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਮਾਨਵਤਾਵਾਦੀ ਪ੍ਰਤੀਕਿਰਿਆ ਮਾਨਵਤਾਵਾਦੀ ਸੰਗਠਨਾਂ ਅਤੇ ਸਰਕਾਰਾਂ ਨੂੰ ਟਕਰਾਅ ਤੋਂ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਵਿੱਚ ਲੋੜਵੰਦਾਂ ਨੂੰ ਭੋਜਨ, ਆਸਰਾ, ਡਾਕਟਰੀ ਦੇਖਭਾਲ ਅਤੇ ਮਨੋਵਿਗਿਆਨਕ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ। ਕਿਸੇ ਵੀ ਟਕਰਾਅ ਵਿੱਚ ਮਾਸੂਮ ਲੋਕਾਂ ਦਾ ਦੁੱਖ ਸ਼ਾਂਤੀਪੂਰਨ ਹੱਲ ਅਤੇ ਮਾਨਵਤਾਵਾਦੀ ਕਾਰਵਾਈ ਦੀ ਜ਼ਰੂਰਤ ਦੀ ਇੱਕ ਦੁਖਦਾਈ ਯਾਦ ਦਿਵਾਉਂਦਾ ਹੈ। ਪਾਕਿਸਤਾਨ ਨੂੰ ਚਾਹੀਦਾ ਕਿ ਉਹ ਆਪਣੇ ਦੇਸ਼ ਵਿੱਚ ਪੈਦਾ ਹੋ ਰਹੇ ਅੱਤਵਾਦੀਆਂ ਨੂੰ ਖਤਮ ਕਰਕੇ ਅਮਨ ਸ਼ਾਂਤੀ ਬਹਾਲ ਕਰੇ। ਪਾਕਿਸਤਾਨ ਇਸ ਸਮੇਂ ਆਰਥਿਕ ਤੰਗੀ ਵਿੱਚ ਚੱਲ ਰਿਹਾ ਹੈ ਯੁੱਧ ਉਸਨੂੰ ਹੋਰ ਬਦਹਾਲੀ ਵਿੱਚ ਪਾ ਦਵੇਗਾ। ਯੂਕਰੇਨ ਅਤੇ ਰੂਸ ਦੇ ਯੁੱਧ ਤੋਂ ਸਾਨੂੰ ਸਬਕ ਲੈਣਾ ਚਾਹੀਦਾ ਹੈ ਉਹਨਾਂ ਦੋਨੋਂ ਦੇਸ਼ਾਂ ਦੀ ਤਬਾਹੀ ਜਿੱਥੇ ਆਰਥਿਕ ਬਦਹਾਲੀ ਅਤੇ ਉਸ ਤੋਂ ਜਿਆਦਾ ਉਥੋਂ ਦੇ ਲੋਕਾਂ ਦੀ ਜਾਨ ਮਾਲ ਦਾ ਨੁਕਸਾਨ ਜਿਸ ਦੀ ਭਰਪਾਈ ਕਈ ਵਰਿਆਂ ਤੱਕ ਨਹੀਂ ਹੋ ਸਕਦੀ ਉਸ ਬਾਰੇ ਵੀ ਦੋਵਾਂ ਮੁਲਕਾਂ ਨੂੰ ਸੋਚਣਾ ਚਾਹੀਦਾ ਹੈ ਖਾਸ ਤੌਰ ਤੇ ਪਾਕਿਸਤਾਨ ਨੂੰ। ਇਨਾ ਯੁੱਧਾਂ ਵਿੱਚ ਸਭ ਤੋਂ ਭਾਰੀ ਨੁਕਸਾਨ ਪੰਜਾਬ ਅਤੇ ਪੰਜਾਬੀਆਂ ਦਾ ਹੁੰਦਾ ਹੈ ਅਤੇ ਬਾਅਦ ਵਿੱਚ ਉਹਨਾਂ ਨੂੰ ਹੀ ਵੱਖਵਾਦੀ ਕਿਹਾ ਜਾਂਦਾ ਹੈ, ਜੋ ਕਿ ਬੜੀ ਹੀ ਮਾੜੀ ਗੱਲ ਹੈ। ਦੇਸ਼ ਆਜ਼ਾਦ ਕਰਵਾਉਣ ਤੋਂ ਅੱਜ ਤੱਕ ਦੇਸ਼ ਦੀ ਹਰ ਲੜਾਈ ਵਿੱਚ ਵੱਧ ਚੜ ਕੇ ਪੰਜਾਬ ਅਤੇ ਪੰਜਾਬੀਆਂ ਨੇ ਆਪਣਾ ਹਿੱਸਾ ਪਾਇਆ ਤੇ ਅੱਗੇ ਵੀ ਪਾਉਂਦੇ ਰਹਿਣਗੇ ਕਿਉਂਕਿ ਉਹਨਾਂ ਦੇ ਖ਼ੂਨ ਵਿਚ ਹੀ ਦੇਸ਼ ਭਗਤੀ ਭਰੀ ਹੋਈ ਹੈ।

# ਇਸ ਸਮੇਂ ਜੰਗ ਦੀ ਲੋੜ ਨਹੀ, 'ਜਿਨ ਪ੍ਰੇਮ ਕੀਓ ਤਿਨੁ ਹੀ ਪ੍ਰਭੁ ਪਾਇਓ' ਦੇ ਸ਼ਬਦ ਉਤੇ ਅਮਲ ਕਰਨ ਦੀ ਸਖਤ ਲੋੜ : ਮਾਨ



ਨਵੀਂ ਦਿੱਲੀ 9 ਮਈ (ਮਨਪ੍ਰੀਤ ਸਿੰਘ ਖਾਲਸਾ):- "ਮੁਲਕਾਂ ਦੇ ਵੱਡੇ ਤੋ ਵੱਡੇ ਮਸਲੇ ਕਦੀ ਵੀ ਜੰਗਾਂ-ਯੁੱਧਾਂ ਰਾਹੀ ਹੱਲ ਨਹੀ ਹੁੰਦੇ, ਬਲਕਿ ਇਨਸਾਨੀਅਤ ਤੇ ਮਨੁੱਖਤਾ ਲਈ ਅਜਿਹੇ ਅਮਲ ਬਹੁਤ ਹੀ ਖਤਰਨਾਕ ਸਾਬਤ ਹੁੰਦੇ ਹਨ । ਸਮੁੱਚੇ ਸੰਸਾਰ ਨੂੰ ਇਜਰਾਇਲ-ਫਲਸਤੀਨੀਆਂ, ਰੂਸ-ਯੂਕਰੇਨ ਵਿਚ ਹੋਈ ਜੰਗ ਵਿਚ ਜਿਵੇ ਮਾਸੂਮ ਬੱਚੇ, ਔਰਤਾਂ, ਮਨੁੱਖਤਾ ਦਾ ਕਤਲੇਆਮ ਹੋਇਆ ਹੈ, ਉਸ ਤੋ ਸਬਕ ਲੈਦੇ ਹੋਏ ਇੰਡੀਆ ਅਤੇ ਪਾਕਿਸਤਾਨ ਦੇ ਹੁਕਮਰਾਨਾਂ ਨੂੰ ਜੰਗ ਵਰਗੇ ਮਾਹੌਲ ਤੋ ਦੂਰ ਰਹਿਣਾ ਬਣਦਾ ਹੈ । ਕਿਉਂਕਿ ਜੰਗ ਨਾਲ ਸਿਕਾਰ ਹੋਏ ਲੋਕ ਮਾਲੀ ਅਤੇ ਮਾਨਸਿਕ ਤੌਰ ਤੇ ਵੱਡੇ ਪੀੜ੍ਹਤ ਹੀ ਨਹੀ ਬਣ ਜਾਂਦੇ, ਲੇਕਿਨ ਵੱਡੀ ਗਿਣਤੀ ਵਿਚ ਮਨੁੱਖੀ ਜਾਨਾਂ ਇਸਦੀਆਂ ਬਿਨ੍ਹਾਂ ਵਜਹ ਭੇਟ ਚੜ ਜਾਂਦੀਆ ਹਨ । ਇਸ ਲਈ ਇੰਡੀਆ ਤੇ ਪਾਕਿਸਤਾਨ ਦੀਆਂ ਹਕੂਮਤਾਂ ਨੂੰ ਲਹਿੰਦੇ ਅਤੇ ਚੜਦੇ ਪੰਜਾਬ ਦੇ ਇਲਾਕੇ ਨੂੰ ਜੰਗ ਦਾ ਅਖਾੜਾ ਬਣਾਉਣ ਤੋ ਜਿਥੇ ਗੁਰੇਜ ਕਰਨਾ ਚਾਹੀਦਾ ਹੈ, ਉਥੇ ਦੋਵਾਂ ਮੁਲਕਾਂ ਦੇ ਐਮ.ਪੀਜ ਨੂੰ ਮਜਬੂਤੀ ਨਾਲ ਇਸ ਜੰਗ ਦਾ ਵਿਰੋਧ ਕਰਕੇ ਹੋਣ ਵਾਲੇ ਮਨੁੱਖਤਾ ਦੇ ਨੁਕਸਾਨ ਨੂੰ ਰੋਕਣ ਦੀ ਜਿੰਮੇਵਾਰੀ ਨਿਭਾਉਣੀ ਬਣਦੀ ਹੈ । ਕਿਉਂਕਿ ਜੰਗ ਲੱਗਣ ਨਾਲ ਦੋਵਾਂ ਮੁਲਕਾਂ ਵਿਚ ਵੱਸਣ ਵਾਲੇ ਪੰਜਾਬੀ, ਮੁਸਲਿਮ, ਪੰਜਾਬੀ ਸਿੱਖ, ਪੰਜਾਬੀ ਹਿੰਦੂ ਅਤੇ ਪੰਜਾਬੀ ਇਸਾਈ ਹੀ ਨਿਸ਼ਾਨਾਂ ਬਣਨਗੇ । ਜਿਨ੍ਹਾਂ ਦੀਆਂ ਜਿੰਦਗਾਨੀਆ ਤੇ ਮੰਡਰਾ ਰਹੇ ਖਤਰੇ ਨੂੰ ਸੰਜੀਦਗੀ ਨਾਲ ਦੂਰ ਕਰਨਾ ਸਾਡਾ ਸਭ ਦਾ ਇਖਲਾਕੀ ਤੇ ਇਨਸਾਨੀ ਫਰਜ ਹੈ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਹੁਕਮਰਾਨਾਂ ਮੋਦੀ, ਸ਼ਾਹ ਅਤੇ ਉਨ੍ਹਾਂ ਦੀ ਇਨਸਾਨੀਅਤ ਵਿਰੋਧੀ ਜਾਲਮ ਜੂੰਡਲੀ ਵੱਲੋ ਜੋ ਬਿਨ੍ਹਾਂ ਵਜਹ ਜ਼ਬਰੀ ਜੰਗ ਥੋਪੀ ਜਾ ਰਹੀ ਹੈ ਉਸਦਾ ਸਖਤ ਸ਼ਬਦਾਂ ਵਿਚ ਵਿਰੋਧ ਕਰਦੇ ਹੋਏ ਅਤੇ ਦੋਵਾਂ ਮੁਲਕਾਂ ਦੇ ਐਮ.ਪੀਜ ਨੂੰ ਇਸ ਗੰਭੀਰ ਵਿਸੇ ਤੇ ਆਪਣੇ ਫਰਜਾਂ ਦੀ ਪੂਰਤੀ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਕੈਬਨਿਟ ਸੁਰੱਖਿਆ ਕਮੇਟੀ ਵੱਲੋ ਜੋ ਇਹ ਖਤਰਨਾਕ ਫੈਸਲਾ ਕੀਤਾ ਗਿਆ ਹੈ, ਇਸ ਕਮੇਟੀ ਵਿਚ ਤਾਂ ਕੋਈ ਵੀ ਸਿੱਖ ਨੁਮਾਇੰਦਾ ਹੀ ਨਹੀ। ਫਿਰ ਪੰਜਾਬੀਆਂ ਤੇ ਸਿੱਖਾਂ ਦੀ ਸਹਿਮਤੀ ਤੋ ਬਿਨ੍ਹਾਂ ਇਹ ਜੰਗ ਥੋਪਣਾ ਗੈਰ ਇਨਸਾਨੀ ਕਾਰਵਾਈ ਹੈ । ਦੂਸਰਾ ਜਦੋ ਹਿੰਦੂਤਵ ਹੁਕਮਰਾਨਾਂ ਕੋਲ ਪਹਿਲਗਾਮ ਦੁਖਾਂਤ ਦੇ ਜਿੰਮੇਵਾਰ ਹੋਣ ਵਾਲੀ ਕਿਸੇ ਤਾਕਤ ਪ੍ਰਤੀ ਕੋਈ ਸਬੂਤ ਹੀ ਨਹੀ ਹੈ ਕਿ ਇਹ ਕਾਰਵਾਈ ਪਾਕਿਸਤਾਨ ਨੇ ਕੀਤੀ ਹੈ, ਫਿਰ ਪਾਕਿਸਤਾਨ ਨਾਲ ਜੰਗ ਲਗਾਉਣ ਅਤੇ ਦੋਵਾਂ ਮੁਲਕਾਂ ਦੇ ਨਿਵਾਸੀਆ ਦੇ ਜਾਨ-ਮਾਲ ਨਾਲ ਖਿਲਵਾੜ ਕਿਉਂ ਕੀਤਾ ਜਾ ਰਿਹਾ ਹੈ ? ਉਨ੍ਹਾਂ ਕਿਹਾ ਕਿ ਸਾਡੇ ਕੋਲ ਤਾਂ ਸਬੂਤ ਹਨ ਕਿ ਹਿੰਦੂਤਵ ਹੁਕਮਰਾਨਾਂ, ਮੋਦੀ, ਸ਼ਾਹ, ਜੈਸੰਕਰ, ਰਾਜਨਾਥ ਸਿੰਘ, ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਦੀ ਚੰਡਾਲ ਚੌਕੜੀ ਵੱਲੋ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ, ਬਰਤਾਨੀਆ ਵਿਚ ਅਵਤਾਰ ਸਿੰਘ ਖੰਡਾ, ਪਾਕਿਸਤਾਨ ਵਿਚ ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ, ਹਰਿਆਣੇ ਵਿਚ ਦੀਪ ਸਿੰਘ ਸਿੱਧੂ ਅਤੇ ਪੰਜਾਬ ਵਿਚ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਕਤਲ ਕੀਤੇ ਗਏ । ਜਿਸਦੇ ਸੱਚ ਨੂੰ ਅਮਰੀਕਾ ਤੇ ਕੈਨੇਡਾ ਨੇ ਆਪਣੀ ਪਾਰਲੀਮੈਟ ਵਿਚ ਰੱਖ ਕੇ ਪ੍ਰਤੱਖ ਕਰ ਦਿੱਤਾ ਕਿ ਉਪਰੋਕਤ ਸਿੱਖ ਨੌਜਵਾਨਾਂ ਦੇ ਕਤਲ ਇੰਡੀਅਨ ਹੁਕਮਰਾਨਾਂ ਨੇ ਕੀਤੇ ਹਨ । ਅਮਰੀਕਾ ਵਿਚ ਸ. ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜਿਸ ਰਚੀ ਗਈ ਜਿਸ ਨੂੰ ਅਮਰੀਕਾ ਦੀ ਐਫ.ਬੀ.ਆਈ ਨੇ ਅਸਫਲ ਬਣਾਇਆ ਅਤੇ ਇਸ ਕੇਸ ਵਿਚ ਵਿਕਾਸ ਯਾਦਵ ਅਤੇ ਨਿਖਿਲ ਗੁਪਤਾ ਅਮਰੀਕਾ ਦੀਆਂ ਜੇਲ੍ਹਾਂ ਵਿਚ ਸਜਾਯਾਫਤਾ ਹਨ । ਇਨ੍ਹਾਂ ਹੋਏ ਕਤਲਾਂ ਦਾ ਇੰਡੀਅਨ ਹੁਕਮਰਾਨਾਂ ਤੇ ਉਪਰੋਕਤ ਜੂੰਡਲੀ ਕੋਲ ਕੀ ਜੁਆਬ ਹੈ ? ਉਨ੍ਹਾਂ ਕਿਹਾ ਫਿਰ ਜੰਗਲਾਂ ਤੇ ਪਹਾੜਾਂ ਵਿਚ ਮਿਹਨਤ, ਮੁਸੱਕਤ ਕਰਨ ਵਾਲੇ ਆਦਿਵਾਸੀਆਂ ਨੂੰ ਨਕਸਲਾਈਟ ਗਰਦਾਨਕੇ ਸਰਕਾਰ ਗੈਰ ਇਨਸਾਨੀ ਤੇ ਗੈਰ ਕਾਨੂੰਨੀ ਤੌਰ ਤੇ ਮਾਰਮੁਕਾ ਰਹੀ ਹੈ ਅਤੇ ਉਨ੍ਹਾਂ ਦੀ ਆਮਦਨ ਦੇ ਸਾਧਨਾਂ ਜੋ ਉਨ੍ਹਾਂ ਦੀ ਧਰਤੀ ਵਿਚ ਖਣਿਜ ਪਦਾਰਥ ਹਨ, ਉਨ੍ਹਾਂ ਨੂੰ ਲੁੱਟਣ ਹਿੱਤ, ਉਨ੍ਹਾਂ ਦੀਆਂ ਜਾਇਦਾਦਾਂ ਖੋਹ ਰਹੇ ਹਨ । ਉਨ੍ਹਾਂ ਦੀਆਂ ਨਿਰਦੋਸ਼ ਮਾਸੂਮ ਬੱਚੀਆਂ ਨੂੰ ਕੇਵਲ ਵਗਾਰ ਦੀ ਤਰ੍ਹਾਂ ਆਪਣੇ ਘਰਾਂ ਵਿਚ ਦਾਸੀਆ ਬਣਾਕੇ ਮਜਦੂਰੀ ਕਰਵਾ ਹੀ ਨਹੀ ਰਹੇ, ਬਲਕਿ ਇਨ੍ਹਾਂ ਬੱਚੀਆਂ ਨਾਲ ਖੁਦ ਵੀ ਅਤੇ ਵੱਡੇ-ਵੱਡੇ ਸਹਿਰਾਂ ਦੇ ਵੈਅਸੀਘਰਾਂ ਵਿਚ ਜ਼ਬਰ-ਜਨਾਹ ਕਰਵਾਉਣ ਲਈ ਮਜਬੂਰ ਕਰ ਰਹੇ ਹਨ । ਉਨ੍ਹਾਂ ਦੀ ਅਣਖ-ਗੈਰਤ ਅਤੇ ਮਾਲੀ ਸਾਧਨਾਂ ਦੀ ਲੁੱਟ ਖਸੁੱਟ ਕਰਨ ਤੋ ਵੀ ਗੁਰੇਜ ਨਹੀ ਕਰ ਰਹੇ । ਉਸ ਸਮੇ ਆਦਿਵਾਸੀ ਕਬੀਲਿਆ ਨਾਲ ਸੰਬੰਧਤ ਮੁਲਕ ਦੀ ਪ੍ਰੈਜੀਡੈਟ ਬੀਬੀ ਦ੍ਰੋਪਦੀ ਮੁਰਮੂ ਵੱਲੋ ਇਸ ਹੋ ਰਹੇ ਜ਼ਬਰ ਵਿਰੁੱਧ ਕੋਈ ਅਮਲੀ ਕਦਮ ਨਾ ਚੁੱਕਣਾ ਅਤਿ ਅਫਸੋਸਨਾਕ ਕਾਰਵਾਈ ਹੈ।

ਜਥੇਦਾਰ ਬਾਬਾ ਕਾਲਾ ਸਿੰਘ ਕਾਰ ਸੇਵਾ ਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਪੂ ਪ੍ਰੀਤਮ ਸਿੰਘ ਜੀ ਦੀ ਅੱਜ ਅੰਤਿਮ ਅਰਦਾਸ ਸਮੇਂ

# ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ








ਆਵਾਜ਼ਿ ਕੌਮ AWAZE QAUM International Newspaper & WEB TV



ਜਥੇਦਾਰ ਬਾਬਾ ਕਾਲਾ ਸਿੰਘ ਕਾਰ ਸੇਵਾ ਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਪੂ ਪ੍ਰੀਤਮ ਸਿੰਘ ਜੀ ਦੀ ਅੱਜ ਅੰਤਿਮ ਅਰਦਾਸ ਸਮੇ ਗੁਰਦੁਆਰਾ ਭੈਣੀ ਸਾਹਿਬ ਕਾਂਗਥਲੀ ਵਿਖੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਇਸ ਸਮੇਂ ਸੰਤ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਪਟਿਆਲਾ ਵਾਲੇ,ਜਥੇਦਾਰ ਭਿੰਦਾ ਸਿੰਘ ਆਲਮਗੀਰ,ਜਥੇਦਾਰ ਇੰਦਰ ਸਿੰਘ ਪਟਿਆਲਾ,ਜਥੇਦਾਰ ਧਰਮ ਸਿੰਘ ਕਾਰ ਸੇਵਾ,ਜਥੇਦਾਰ ਕਰਮਜੀਤ ਸਿੰਘ ਕਾਰ ਸੇਵਾ,ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਦਾਰ ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ,ਸਰਦਾਰ ਕਾਬੁਲ ਸਿੰਘ ਹਿੰਮਤਪੁਰਾ ਮੈਂਬਰ,ਸਰਦਾਰ ਮੇਜਰ ਸਿੰਘ ਗੂਹਲਾ ਨਵਨਿਯੁਕਤ ਮੈਂਬਰ,ਸਰਦਾਰ ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ ਵੀ ਹਾਜ਼ਰ ਸਨ ਹਰਿਆਣਾ ਕਮੇਟੀ ਵੱਲੋਂ ਜਥੇਦਾਰ ਬਾਬਾ ਕਾਲਾ ਸਿੰਘ ਨੂੰ ਦਸਤਾਰ ਭੇਂਟ ਕੀਤੀ ਗਈ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243